@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 27 November 2024

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 27 ਨਵੰਬਰ 2024, 13 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 17, qpatrika@gmail.com ਫੋਨ : 9971359517 www.qaumipatrika.org

ਸੰਸਦ ਮੈਂਬਰ ਇੰਜੀਨੀਅਰ ਰਾਸ਼ਿਦ ਨੇ ਅੰਤਰਿਮ ਜਮਾਨਤ ਲਈ ਕੋਰਟ ਦਾ ਕੀਤਾ ਰੁਖ

ਨਵੀਂ ਦਿੱਲੀ 26 ਨਵੰਬਰ। ਸੰਸਦ ਸੈਸ਼ਨ 'ਚ ਹਿੱਸਾ ਲੈਣ ਲਈ ਜੰਮੂ ਕਸ਼ਮੀਰ ਦੇ ਸੰਸਦ ਮੈਂਬਰ ਇੰਜੀਨੀਅਰ ਰਾਸ਼ਿਦ ਨੇ ਅੱਤਵਾਦੀ ਵਿੱਤ ਪੋਸ਼ਣ ਮਾਮਲੇ 'ਚ ਅੰਤਰਿਮ ਜਮਾਨਤ ਲਈ ਸੋਮਵਾਰ ਨੂੰ ਦਿੱਲੀ ਦੀ ਇਕ ਅਦਾਲਤ ਦਾ ਰੁਖ ਕੀਤਾ। ਰਾਸ਼ਿਦ ਵਲੋਂ ਪ੍ਰਧਾਨ ਜ਼ਿਲ੍ਹਾ ਅਤੇ ਸੈਸ਼ਨ ਜੱਜ ਵਿਮਲ ਕੁਮਾਰ ਯਾਦਵ ਤੋਂ ਅੰਤਰਿਮ ਜਮਾਨਤ ਦਿੱਤੇ

ਜਾਣ ਦੀ ਅਪੀਲ ਕਰਨ ਤੋਂ ਬਾਅਦ ਅਦਾਲਤ ਨੇ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ) ਨੂੰ 27 ਨਵੰਬਰ ਤੱਕ ਜਵਾਬ ਦਾਖਲ ਕਰਨ ਲਈ ਕਿਹਾ। ਤਿਹਾੜ ਜੇਲ੍ਹ ਤੋਂ ਆਨਲਾਈਨ ਤਰੀਕੇ ਨਾਲ ਅਦਾਲਤ 'ਚ ਪੇਸ਼ ਹੋਏ ਇੰਜੀਨੀਅਰ ਰਾਸ਼ਿਦ ਨੇ ਕਿਹਾ,"ਮੈਨੂੰ ਲੋਕਾਂ ਨੇ ਚੁਣਿਆ ਹੈ। ਮੈਨੂੰ ਪਿਛਲੇ ਸੈਸ਼ਨ 'ਚ ਸ਼ਾਮਲ ਹੋਣ ਦੀ ਮਨਜ਼ੂਰੀ ਨਹੀਂ ਦਿੱਤੀ ਗਈ। ਮੈਂ ਤੁਹਾਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਮੈਨੂੰ ਅੰਤਰਿਮ ਜਮਾਨਤ ਦਿੱਤੀ ਜਾਵੇਗੀ।" ਸੁਣਵਾਈ ਦੌਰਾਨ ਰਾਸ਼ਿਦ ਅਤੇ ਐੱਨ.ਆਈ.ਏ. ਦੇ ਵਕੀਲ ਨੇ ਸੰਯੁਕਤ ਰੂਪ ਨਾਲ ਮੰਗ ਕੀਤੀ ਕਿ ਮਾਮਲੇ ਦੀ ਸੁਣਵਾਈ ਅਦਾਲਤ 'ਚ ਹੀ ਕੀਤੀ ਜਾਵੇ ਅਤੇ ਇਸ ਨੂੰ ਕਿਸੇ ਹੋਰ ਅਦਾਲਤ 'ਚ ਟਰਾਂਸਫਰ ਨਾ ਕੀਤਾ ਜਾਵੇ। ਅਦਾਲਤ ਇਸ ਮਾਮਲੇ 'ਚ 27 ਨਵੰਬਰ ਨੂੰ ਅਗਲੀ ਸੁਣਵਾਈ ਕਰੇਗੀ।

ਏਕਨਾਥ ਸ਼ਿੰਦੇ ਨੇ ਦਿੱਤਾ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ

ਮੁੰਬਈ 26 ਨਵੰਬਰ। ਮਹਾਰਾਸ਼ਟਰ ਸ਼ਿਵ ਸੈਨਾ (ਸ਼ਿੰਦੇ ਸਮੂਹ) ਦੇ ਨੇਤਾ ਏਕਨਾਥ ਸ਼ਿੰਦੇ ਨੇ ਮੰਗਲਵਾਰ ਸਵੇਰੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸ਼੍ਰੀ ਸ਼ਿੰਦੇ ਨੇ ਰਾਜਪਾਲ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਆਪਣਾ ਅਸਤੀਫਾ ਸੌਂਪ ਦਿੱਤਾ। ਦੱਸਣਯੋਗ ਹੈ ਕਿ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੇ ਮਹਾਯੁਤੀ ਗਠਜੋੜ ਨੂੰ ਸਪੱਸ਼ਟ

ਬਹੁਮਤ ਮਿਲਿਆ ਹੈ ਅਤੇ ਰਾਜ 'ਚ ਨਵੀਂ ਸਰਕਾਰ ਬਣਾਉਣ ਦੀਆਂ ਗਤੀਵਿਧੀਆਂ ਚੱਲ ਰਹੀਆਂ ਹਨ, ਜਿਸ ਕਾਰਨ ਸ਼੍ਰੀ ਸ਼ਿੰਦੇ ਨੇ ਆਪਣਾ ਅਸਤੀਫਾ ਦੇ ਦਿੱਤਾ। ਇਸ ਦੇ ਨਾਲ ਹੀ ਰਾਜ 'ਚ ਨਵੀਂ ਸਰਕਾਰ ਦੇ ਗਠਨ ਦਾ ਰਸਤਾ ਸਾਫ ਹੋ ਗਿਆ ਹੈ। ਰਾਜ 'ਚ ਮੌਜੂਦਾ ਸਰਕਾਰ ਦਾ ਕਾਰਜਕਾਲ ਅੱਜ ਖਤਮ ਹੋ ਰਿਹਾ ਹੈ। ਸ਼੍ਰੀ ਸ਼ਿੰਦੇ, ਸ਼੍ਰੀ ਦੇਵੇਂਦਰ ਫੜਨਵੀਸ ਅਤੇ ਸ਼੍ਰੀ ਅਜੀਤ ਪਵਾਰ ਨਾਲ ਰਾਜਪਾਲ ਸੀ.ਪੀ. ਰਾਧਾਕ੍ਰਿਸ਼ਨਨ ਦੇ ਘਰ ਪਹੁੰਚੇ ਅਤੇ ਉਨ੍ਹਾਂ ਨੂੰ ਆਪਣਾ ਅਸਤੀਫਾ ਸੌਂਪਿਆ। ਇਸ ਵਿਚ ਰਾਜਪਾਲ ਨੇ ਸ਼੍ਰੀ ਸ਼ਿੰਦੇ ਨੂੰ ਰਾਜ 'ਚ ਨਵੀਂ ਸਰਕਾਰ ਦੇ ਗਠਨ ਤੱਕ ਕਾਰਜਵਾਹਕ ਵਜੋਂ ਕੰਮ ਕਰਨ ਨੂੰ ਕਿਹਾ ਹੈ।

ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਪੱਛੜੀਆਂ ਸ਼੍ਰੇਣੀਆਂ ਦੇ ਸਾਹਮਣੇ ਖੜੀ ਕੰਧ ਮਜਬੂਤ ਕਰ ਰਹੇ ਮੋਦੀ ਤੇ ਆਰ.ਐੱਸ.ਐੱਸ.: ਰਾਹੁਲ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 26 ਨਵੰਬਰ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਮੰਗਲਵਾਰ ਨੂੰ ਰਾਸਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਜਨਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਸਾਹਮਣੇ ਖੜ੍ਹੀ ਕੰਧ ਨੂੰ ਮਜਬੂਤ ਕਰਨ ਦਾ ਦੋਸ਼ ਲਗਾਇਆ। ਰਾਹੁਲ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੀ ਅਗਵਾਈ ਵਾਲੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਦੀ ਸਰਕਾਰ ਵੇਲੇ ਇਸ ਕੰਧ ਨੂੰ ਕਮਜ਼ੋਰ ਕਰਨ ਦਾ ਕੰਮ ਜਿੰਨੀ ਜੋਰ-ਜਬਰਦਸਤੀ ਨਾਲ ਹੋਣਾ ਸੀ, ਉਹ ਨਹੀਂ ਹੋ ਸਕਿਆ। ਕਾਂਗਰਸ ਦੇ ਵੱਖ-ਵੱਖ ਸੈੱਲਾਂ ਵੱਲੋਂ ਆਯੋਜਿਤ 'ਸੰਵਿਧਾਨ ਰਕਸਕ ਅਭਿਆਨ' ਪ੍ਰੋਗਰਾਮ 'ਚ ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਆਰ.ਐੱਸ.ਐੱਸ. ਚਾਹੇ ਜੋ ਮਰਜੀ ਕਰ ਲੈਣ, ਦੇਸ 'ਚ ਜਾਤੀ ਜਨਗਣਨਾ ਅਤੇ ਰਾਖਵੇਂਕਰਨ ਦੀ 50 ਫੀਸਦੀ ਸੀਮਾ ਨੂੰ ਤੋੜਨ ਦਾ ਕੰਮ ਹੋ ਕੇ ਰਹੇਗਾ। ਉਨ੍ਹਾਂ ਦਾਅਵਾ ਕੀਤਾ ਕਿ ਇਸ ਗੱਲ ਦੀ ਗਾਰੰਟੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੰਵਿਧਾਨ ਨਹੀਂ ਪੜ੍ਹਿਆ,

ਕਿਉਂਕਿ ਜੇਕਰ ਉਨ੍ਹਾਂ ਕੋਲ ਹੁੰਦਾ ਤਾਂ ਉਹ ਰੋਜਾਨਾ ਦੇ ਆਧਾਰ 'ਤੇ ਉਹ ਕੰਮ ਨਹੀਂ ਕਰ ਰਹੇ ਹੁੰਦੇ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ, 'ਤੁਹਾਡੇ ਸਾਹਮਣੇ (, ,) ਇੱਕ ਕੰਧ ਖੜੀ ਹੈ, ਤੁਸੀਂ ਇਸ ਗੱਲ ਨੂੰ ਸਮਝਦੇ ਹੋ। ਇਸ ਕੰਧ ਨੂੰ ਨਰਿੰਦਰ ਮੋਦੀ ਅਤੇ ਆਰਐੱਸਐੱਸ ਮਜਬੂਤ ਕਰਦੇ ਜਾ ਰਹੇ ਹਨ।' ਰਾਹੁਲ ਗਾਂਧੀ ਦੇ ਅਨੁਸਾਰ 20 ਸਾਲ ਤੋਂ ਦੇਖ ਰਿਹਾ ਹਾਂ...24 ਘੰਟਿਆਂ ਵਿਚ ਤੁਹਾਨੂੰ ਦੱਸਿਆ ਜਾਂਦਾ ਹੈ ਕਿ ਤੁਹਾਨੂੰ ਜਗ੍ਹਾ ਮਿਲੇਗੀ ਪਰ ਨਹੀਂ...ਹੋਲੀ-ਹੋਲੀ ਕੰਧ ਮਜਬੂਤ ਹੁੰਦੀ ਹੈ। ਉਹਨਾਂ ਕਿਹਾ ਕਿ ਯੂਪੀਏ ਦੀ ਸਰਕਾਰ ਨੇ ਮਨਰੇਗਾ ਦਿੱਤਾ, ਜਮੀਨ ਦਾ ਅਧਿਕਾਰ ਦਿੱਤਾ, ਭੋਜਨ ਦਾ ਅਧਿਕਾਰ ਦਿੱਤਾ, ਉਹ ਸਾਰੇ ਕੰਧ ਨੂੰ ਕਮਜੋਰ ਕਰਨ ਦੇ ਤਰੀਕੇ ਸਨ। ਅੱਜ ਮੈਂ ਕਹਿ ਸਕਦਾ ਹਾਂ ਕਿ ਜਿਸ ਤਰ੍ਹਾਂ ਕੰਧ ਨੂੰ ਕਮਜੋਰ ਕਰਨਾ ਸੀ, ਅਸੀਂ ਨਹੀਂ ਕੀਤਾ, ਯੂਪੀਏ ਸਰਕਾਰ ਨੇ ਨਹੀਂ ਕੀਤਾ। ਰਾਹੁਲ ਗਾਂਧੀ ਨੇ ਕਿਹਾ ਕਿ ਅਸੀਂ ਕੰਧ ਨੂੰ ਤੋੜਨ ਦੀ ਕੋਸ਼ਿਸ਼ ਕਰਦੇ ਸੀ ਪਰ ਇਹ (ਭਾਜਪਾ) ਕੰਧ ਵਿਚ ਸੀਮਿੰਟ ਅਤੇ ਕੰਕਰੀਟ ਪਾਉਣ ਦਾ ਕੰਮ ਕਰ ਰਹੇ ਸਨ। ਇਸ ਕੰਧ ਨੂੰ ਜਾਤੀ ਜਨਗਣਨਾ ਦੇ ਰਾਹੀਂ ਤੋੜਿਆ ਜਾ ਸਕਦਾ ਹੈ। ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਆਮ ਲੋਕਾਂ ਦੀਆਂ ਜੇਬਾਂ ਵਿਚੋਂ ਪੈਸੇ ਕੱਢ ਕੇ ਕੁਝ ਉਦਯੋਗਪਤੀਆਂ ਨੂੰ ਦਿੱਤੇ ਜਾ ਰਹੇ ਹਨ।

ਆਉਣ ਵਾਲੇ ਮਹੀਨਿਆਂ ਲਈ ਭਾਰਤ ਦਾ ਆਰਥਿਕ ਦ੍ਰਿਸ਼ਟੀਕੋਣ ਹੋਵੇਗਾ ਆਸ਼ਾਵਾਦੀ: ਵਿੱਤ ਮੰਤਰਾਲੇ

ਨਵੀਂ ਦਿੱਲੀ 26 ਨਵੰਬਰ। ਵਿੱਤ ਮੰਤਰਾਲੇ ਨੇ ਕਿਹਾ ਹੈ ਕਿ ਆਉਣ ਵਾਲੇ ਮਹੀਨਿਆਂ ਲਈ ਭਾਰਤ ਦਾ ਆਰਥਿਕ ਦ੍ਰਿਸ਼ਟੀਕੋਣ ਸਾਵਧਾਨੀ ਨਾਲ ਆਸਾਵਾਦੀ ਹੈ। ਜਾਰੀ ਵਿੱਤ ਮੰਤਰਾਲੇ ਦੀ ਰਿਪੋਰਟ ਅਨੁਸਾਰ ਮਾਨਸੂਨ ਦੇ ਅਨੁਕੂਲ ਹਾਲਾਤ, ਵਧੇ ਹੋਏ ਘੱਟੋ-ਘੱਟ ਸਮਰਥਨ ਮੁੱਲ ਅਤੇ ਖੇਤੀ ਵਸਤੂਆਂ ਦੀ ਲੋੜੀਂਦੀ ਸਪਲਾਈ ਤੋਂ ਖੇਤੀਬਾੜੀ ਸੈਕਟਰ ਨੂੰ ਫਾਇਦਾ ਹੋਣ ਦੀ ਸੰਭਾਵਨਾ ਹੈ। ਆਰਥਿਕ ਮਾਮਲਿਆਂ ਦੇ ਵਿਭਾਗ ਨੇ ਸੋਮਵਾਰ ਨੂੰ ਜਾਰੀ ਮਾਸਿਕ ਆਰਥਿਕ ਸਮੀਖਿਆ ਦੇ ਅਕਤੂਬਰ ਐਡੀਸ਼ਨ ਵਿੱਚ ਕਿਹਾ, "ਚੁਣਵੀਆਂ ਖੁਰਾਕੀ ਵਸਤਾਂ ਦੀਆਂ ਕੀਮਤਾਂ ਦੇ ਦਬਾਅ ਦੇ ਬਾਵਜੂਦ ਸੁਧਰੀਆਂ ਖੇਤੀ ਉਤਪਾਦਨ ਸੰਭਾਵਨਾਵਾਂ ਨੇ ਮਹਿੰਗਾਈ ਦੇ ਨਜ਼ਰੀਏ ਨੂੰ ਨਰਮ ਕੀਤਾ ਹੈ।" ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਵੰਬਰ ਦੇ ਸ਼ੁਰੂਆਤੀ ਰੁਝਾਨਾਂ ਨੇ ਮੁੱਖ ਖਾਦ ਕੀਮਤਾਂ ਵਿਚ ਨਰਮੀ ਦਾ ਸੰਕੇਤ ਦਿੱਤਾ ਹੈ। ਹਾਲਾਂਕਿ, ਭੂ-ਰਾਜਨੀਤਿਕ ਕਾਰਕ ਘਰੇਲੂ ਮਹਿੰਗਾਈ ਅਤੇ ਸਪਲਾਈ ਚੇਨਾਂ ਨੂੰ ਪ੍ਰਭਾਵਤ ਕਰਨਾ ਜਾਰੀ ਰੱਖ ਸਕਦੇ ਹਨ। ਰਿਪੋਰਟ ਅਨੁਸਾਰ ਸਾਉਣੀ ਦੀ ਬੰਪਰ ਫਸਲ ਨਾਲ ਆਉਣ ਵਾਲੇ ਮਹੀਨਿਆਂ ਵਿੱਚ ਖੁਰਾਕੀ ਮਹਿੰਗਾਈ ਵਿੱਚ ਕਮੀ ਲਿਆਉਣ ਦੀ ਉਮੀਦ ਹੈ। ਇਸ ਅਨੁਸਾਰ ਭਾਰਤ ਵਿੱਚ ਆਰਥਿਕ ਗਤੀਵਿਧੀ ਦੇ ਕਈ ਉੱਚ-ਵਾਰਵਾਰਤਾ ਸੂਚਕਾਂ ਨੇ ਇੱਕ ਖਰਾਬ ਗਲੋਬਲ ਪਿਛੋਕੜ ਦੇ ਵਿਚਕਾਰ ਅਕਤੂਬਰ ਵਿੱਚ ਮੁੜ ਬਹਾਲ ਕੀਤਾ ਹੈ। ਇਸ ਵਿੱਚ ਪੇਂਡੂ ਅਤੇ ਸਹਿਰੀ ਮੰਗ ਸੰਕੇਤਕ ਅਤੇ ਸਪਲਾਈ ਸਾਈਡ ਸੂਚਕ ਜਿਵੇਂ ਕਿ ਖਰੀਦ ਪ੍ਰਬੰਧਕ ਸੂਚਕਾਂਕ ਅਤੇ ਈ-ਵੇਅ ਬਿੱਲ ਸਾਮਲ ਹਨ।

ਅੰਡੇਮਾਨ 'ਚ ਕੋਸਟ ਗਾਰਡ ਨੇ ਬਰਾਮਦ ਕੀਤੀ 5500 ਕਿਲੋ ਡਰੱਗਜ, ਕੀਮਤ 25,000 ਕਰੋੜ ਤੋਂ ਵੱਧ

ਨੈਸ਼ਨਲ ਡੈਸਕ 26 ਨਵੰਬਰ। ਭਾਰਤੀ ਤੱਟ ਰੱਖਿਅਕਾਂ ਨੇ ਅੰਡੇਮਾਨ ਜਲ ਖੇਤਰ ਵਿਚ ਇਕ ਮੱਛੀ ਫੜਨ ਵਾਲੀ ਕਿਸਤੀ ਤੋਂ ਕਰੀਬ 5500 ਕਿਲੋਗ੍ਰਾਮ (ਲੱਗਭਗ ਸਾਢੇ 5 ਟਨ) ਨਸੀਲੇ ਪਦਾਰਥਾਂ ਦੀ ਵੱਡੀ ਖੇਪ ਜਬਤ ਕੀਤੀ ਹੈ। ਇਸ ਦੀ ਕੀਮਤ 25000 ਕਰੋੜ ਰੁਪਏ ਹੈ। ਕੋਸਟ ਗਾਰਡ ਦੇ ਡੋਰਨੀਅਰ ਏਅਕਰਾਫਟ ਦੀ ਰੁਟੀਨ ਗਸਤ ਦੌਰਾਨ ਪਾਇਲਟ ਨੇ ਇਸ ਕਿਸ਼ਤੀ ਨੂੰ ਦੇਖਿਆ ਸੀ। ਰੱਖਿਆ ਅਧਿਕਾਰੀਆਂ ਨੇ ਕਿਹਾ ਕਿ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਖੇਪ ਸੀ, ਜੋ ਕੋਸਟ ਗਾਰਡ ਨੇ ਫੜੀ ਹੈ। ਇਹ ਖੇਪ ਕਿੱਥੋਂ ਆ ਰਹੀ ਸੀ ਅਤੇ ਕਿਸ ਨੂੰ ਅਤੇ ਕਿੱਥੇ ਸਪਲਾਈ ਕੀਤੀ ਜਾਣੀ ਸੀ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਇਸ ਮਾਮਲੇ 'ਚ ਹੁਣ ਤੱਕ 6 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਰਾਜੋਆਣਾ ਦੀ ਰਹਿਮ ਦੀ ਅਪੀਲ ਦਾ ਮਾਮਲਾ ਸੰਵੇਦਨਸ਼ੀਲ', ਫੈਸਲਾ ਲੈਣ ਲਈ ਕੇਂਦਰ ਨੇ ਮੰਗਿਆ ਸਮਾਂ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 26 ਨਵੰਬਰ। ਕੇਂਦਰ ਨੇ ਸੁਪਰੀਮ ਕੋਰਟ ਨੂੰ ਕਿਹਾ ਕਿ 1995 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਮਾਮਲੇ ਵਿਚ ਮੌਤ ਦੀ ਸਜਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ਨਾਲ ਸਬੰਧਤ ਮਾਮਲਾ ਸੰਵੇਦਨਸੀਲ ਹੈ। ਅਜਿਹੇ 'ਚ ਕੇਂਦਰ ਨੇ ਫੈਸਲਾ ਲੈਣ ਲਈ ਹੋਰ ਸਮੇਂ ਦੀ ਮੰਗ ਕੀਤੀ। ਜਿਸ ਤੋਂ ਬਾਅਦ ਸੁਪਰੀਮ ਕੋਰਟ ਨੇ ਮਾਮਲੇ ਦੀ ਸੁਣਵਾਈ 4 ਹਫਤਿਆਂ ਲਈ ਟਾਲ ਦਿੱਤੀ। ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੀ ਬੈਂਚ ਰਾਜੋਆਣਾ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ, ਜਿਸ 'ਚ ਉਸ ਦੀ ਰਹਿਮ ਦੀ ਅਪੀਲ 'ਤੇ ਫੈਸਲੇ 'ਚ 'ਬੇਹੱਦ ਦੇਰੀ' ਕਾਰਨ ਉਸ ਦੀ ਮੌਤ ਦੀ ਸਜਾ ਨੂੰ ਉਮਰ ਕੈਦ 'ਚ ਬਦਲਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਹੈ। ਸਾਲਿਸੀਟਰ ਜਨਰਲ ਤੁਸਾਰ ਮਹਿਤਾ ਨੇ ਬੈਂਚ ਨੂੰ ਕਿਹਾ,"ਇਹ ਸੰਵੇਦਨਸੀਲ ਮਾਮਲਾ ਹੈ। ਕੁਝ ਏਜੰਸੀਆਂ ਨਾਲ ਸਲਾਹ ਕਰਨੀ ਪਵੇਗੀ।" ਇਸ ਬੈਂਚ 'ਚ ਜਸਟਿਸ ਪੀ.ਕੇ. ਮਿਸਰਾ ਅਤੇ ਜਸਟਿਸ ਕੇ.ਵੀ. ਵਿਸਵਨਾਥਨ ਵੀ ਸਾਮਲ ਹਨ। ਮਾਮਲੇ 'ਚ ਪੇਸ ਹੋਏ ਵਧੀਕ ਸਾਲਿਸੀਟਰ ਜਨਰਲ ਕੇ.ਐੱਮ. ਨਟਰਾਜ ਨੇ ਕਿਹਾ ਕਿ ਸਰਕਾਰ ਇਸ ਮਾਮਲੇ ਦੀ ਸਮੀਖਿਆ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਉਂਕਿ ਇਹ ਸੰਵੇਦਨਸੀਲ ਮਾਮਲਾ ਹੈ, ਇਸ ਲਈ ਕੁਝ ਹੋਰ ਜਾਣਕਾਰੀ ਇਕੱਠੀ ਕਰਨ ਦੀ ਲੋੜ ਹੈ। ਬੈਂਚ ਨੇ ਕਿਹਾ ਕਿ ਉਹ ਚਾਰ ਹਫਤਿਆਂ ਬਾਅਦ ਪਟੀਸਨ 'ਤੇ ਸੁਣਵਾਈ ਕਰੇਗੀ। ਅਦਾਲਤ ਨੇ 18 ਨਵੰਬਰ ਨੂੰ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਆਪਣੇ ਉਸ ਆਦੇਸ਼ 'ਤੇ ਰੋਕ ਲਗਾ ਦਿੱਤੀ ਸੀ, ਜਿਸ ਦੇ ਅਧੀਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸਕੱਤਰ ਨੂੰ ਨਿਰਦੇਸ਼ ਦਿੱਤਾ ਗਿਆ ਸੀ ਕਿ ਉਹ ਰਾਜੋਆਣਾ ਦੀ ਰਹਿਣ ਦੀ ਅਪੀਲ ਨੂੰ ਰਾਸ਼ਟਰਪਤੀ ਦੇ ਸਾਹਮਣੇ ਰੱਖਣ। ਬੈਂਚ ਨੇ 18 ਨਵੰਬਰ ਦੀ ਸਵੇਰ ਇਹ ਆਦੇਸ਼ ਦਿੱਤਾ ਸੀ ਪਰ ਸਾਲਿਸੀਟਰ ਜਨਰਲ ਤੁਸ਼ਾਰ ਮਹਿਤਾ ਨੇ ਬੈਂਚ ਨੂੰ ਅਪੀਲ ਕੀਤੀ ਸੀ ਕਿ ਇਸ ਆਦੇਸ਼ 'ਤੇ ਅਮਲ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਇਹ ਬੇਹੱਦ ਸੰਵੇਦਨਸ਼ੀਲ ਮੁੱਦਾ ਹੈ। ਮੇਹਤਾ ਨੇ ਬੈਂਚ ਨੂੰ ਦੱਸਿਆ ਸੀ ਕਿ ਫਾਈਲ ਅਜੇ ਗ੍ਰਹਿ ਮੰਤਰਾਲਾ ਕੋਲ ਹੈ, ਰਾਸ਼ਟਰਪਤੀ ਕੋਲ ਨਹੀਂ। ਸੁਪਰੀਮ ਕੋਰਟ ਨੇ 25 ਸਤੰਬਰ ਨੂੰ ਰਾਜੋਆਣਾ ਦੀ ਪਟੀਸ਼ਨ 'ਤੇ ਕੇਂਦਰ, ਪੰਜਾਬ ਸਰਕਾਰ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਨ ਤੋਂ ਜਵਾਬ ਮੰਗਿਆ ਸੀ। ਰਾਜੋਆਣਾ ਨੂੰ 31 ਅਗਸਤ 1995 ਨੂੰ ਚੰਡੀਗੜ੍ਹ 'ਚ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਹੋਏ ਧਮਾਕਾ ਮਾਮਲੇ 'ਚ ਦੋਸ਼ੀ ਪਾਇਆ ਗਿਆ ਸੀ। ਇਸ ਘਟਨਾ 'ਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰ ਲੋਕ ਮਾਰੇ ਗਏ ਸਨ।

ਜੰਮੂ-ਕਸ਼ਮੀਰ ਆਪਣੇ ਇਤਿਹਾਸ ਵਿੱਚ ਪਹਿਲੀ ਵਾਰ ਮਨਾਏਗਾ ਸੰਵਿਧਾਨ ਦਿਵਸ

ਸ੍ਰੀਨਗਰ 26 ਨਵੰਬਰ। ਜੰਮੂ-ਕਸਮੀਰ ਸਰਕਾਰ ਨੇ 26 ਨਵੰਬਰ, 1950 ਨੂੰ ਸੰਵਿਧਾਨ ਨੂੰ ਅਪਣਾਏ ਜਾਣ ਦੀ ਯਾਦ ਵਿੱਚ "ਸੰਵਿਧਾਨ ਦਿਵਸ" ਦੇ ਸਾਨਦਾਰ ਜਸਨਾਂ ਲਈ ਸੋਮਵਾਰ ਨੂੰ ਨਿਰਦੇਸ ਜਾਰੀ ਕੀਤੇ। 1947 ਵਿੱਚ ਜੰਮੂ-ਕਸਮੀਰ ਦੇ ਭਾਰਤ ਵਿੱਚ ਰਲੇਵੇਂ ਤੋਂ ਬਾਅਦ ਇਹ

ਅਜਿਹਾ ਪਹਿਲਾ ਸਮਾਗਮ ਹੋਵੇਗਾ। ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਸ੍ਰੀਨਗਰ 'ਚ ਸਮਾਰੋਹ ਦੀ ਅਗਵਾਈ ਕਰਨਗੇ। ਮੰਗਲਵਾਰ ਦੇ ਸਮਾਗਮ ਵਿੱਚ ਐਲਜੀ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਦੀ ਸਰਕਾਰ ਦੇ ਮੰਤਰੀਆਂ ਦੁਆਰਾ ਪ੍ਰਸਤਾਵਨਾ ਨੂੰ ਪੜ੍ਹਿਆ ਜਾਵੇਗਾ। ਹਾਲਾਂਕਿ, ਉਮਰ ਉਥੇ ਨਹੀਂ ਹੋਣਗੇ ਕਿਉਂਕਿ ਉਹ ਸੋਮਵਾਰ ਨੂੰ ਮੱਕਾ ਵਿੱਚ ਉਮਰਾਹ (ਇੱਕ ਗੈਰ-ਹੱਜ ਤੀਰਥ ਯਾਤਰਾ) ਕਰਨ ਲਈ ਸਾਊਦੀ ਅਰਬ ਲਈ ਰਵਾਨਾ ਹੋਏ ਸਨ। 16 ਅਕਤੂਬਰ ਨੂੰ, ਉਮਰ ਅਹੁਦੇ ਦੀ ਸਹੁੰ ਚੁੱਕਣ ਵੇਲੇ ਭਾਰਤੀ ਸੰਵਿ

ਚੋਰਾਂ ਨੇ 8 ਦੁਕਾਨਾਂ ਦੇ ਜਿੰਦਰੇ ਭੰਨ੍ਹ ਕੇ ਲੱਖਾਂ ਰੁਪਏ ਦੀ ਨਗਦੀ, ਕੱਪੜੇ, ਮੋਬਾਇਲ ਅਤੇ ਹੋਰ ਸਮਾਨ ਕੀਤਾ ਚੋਰੀ

ਤਪਾ ਮੰਡੀ 26 ਨਵੰਬਰ। ਚੋਰਾਂ ਦੇ ਗਿਰੋਹ ਨੇ 5-11 ਅਗਸਤ ਦੀ ਵਿਚਕਾਰਲੀ ਰਾਤ ਨੂੰ 8 ਦੁਕਾਨਾਂ ਨੇ ਜਿੰਦਰੇ ਭੰਨ੍ਹ ਕੇ ਲੱਖਾਂ ਰੁਪਏ ਦੀ ਨਗਦੀ, ਲੱਖਾਂ ਰੁਪਏ ਦੇ ਮੋਬਾਇਲ, ਰੈਡੀਮੇਡ ਕੱਪੜੇ ਅਤੇ ਹੋਰ ਸਮਾਨ ਚੋਰੀ ਕਰ ਕਰ ਲਿਆ। ਇਸ ਵਾਰਦਾਤ ਕਾਰਣ ਵਪਾਰੀਆਂ ਨੇ ਆਪਣੇ ਕਾਰੋਬਾਰ ਬੰਦ ਕਰਕੇ ਸਦਰ ਬਾਜਾਰ 'ਚ ਧਰਨਾ ਲਗਾ ਕੇ ਪੁਲਸ ਪ੍ਰਸ਼ਾਸਨ ਖਿ?ਲਾਫ ਰੋਸ ਪ੍ਰਗਟ ਕੀਤਾ। ਚੋਰਾਂ ਨੇ ਵਾਲਮੀਕਿ ਚੌਂਕ 'ਚ ਸਥਿਤ ਬਬਲੀ ਮੈਡੀਕੋਜ ਦੇ ਮਾਲਕ ਵਿਨੋਦ ਕੁਮਾਰ ਨੇ ਦੱਸਿਆ ਉਸ ਦੀ ਦੁਕਾਨ ਦੇ ਸੈਂਟਰ ਲਾਕ ਖੋਲ੍ਹ ਕੇ ਅਤੇ ਸਾਈਡ ਲਾਕ ਖੋਲ੍ਹ ਕੇ ਦੁਕਾਨ ਅੰਦਰੋਂ 10 ਹਜਾਰ ਰੁਪਏ ਦੀ ਨਗਦੀ, ਡੀ.ਵੀ.ਆਰ.ਰਿਕਾਰਡਰ ਅਤੇ ਕੈਮਰਾ ਤੋੜ ਕੇ ਲੈ ਗਏ, ਜਿਸ ਕਾਰਨ ਉਸ ਦਾ 35 ਹਜਾਰ ਰੁਪਏ ਦੇ ਕਰੀਬ ਨੁਕਸਾਨ ਹੋਇਆ ਹੈ। ਢਿਲਵਾਂ ਰੋਡ ਸਥਿਤ ਮੋਦੀ ਮੈਡੀਕਲ ਹਾਲ ਦੀ ਦੁਕਾਨ ਦਾ ਲੋਹੇ ਦੀ ਸਬਲ ਨਾਲ ਸ਼ਟਰ ਉਪਰ ਚੁੱਕ ਕੇ ਦੁਕਾਨ ਅੰਦਰੋਂ ਕੁਝ ਨਗਦੀ, ਸਦਰ ਬਾਜਾਰ ਸਥਿਤ ਲਵਲੀ ਮੈਡੀਕੋਜ ਦੀ ਦੁਕਾਨ ਦੇ ਮਾਲਕ ਸੁਰਿੰਦਰ ਬਦਰਾ ਨੇ ਦੱਸਿਆ ਕਿ 40 ਹਜਾਰ ਰੁਪਏ ਦੇ ਕਰੀਬ ਨਗਦੀ, ਤਨੇਜਾ ਕੁਲੈਕਸ਼ਨ ਰੈਡੀਮੇਡ ਦੁਕਾਨ 'ਚੋਂ ਪੈਂਟਾਂ, ਸ਼ਰਟਾਂ, ਲੇਡੀਜ ਸੂਟ, ਲੋਅਰ ਜਿਸ ਦੀ ਅੰਦਾਜਨ ਕੀਮਤ ਡੇਢ ਲੱਖ ਰੁਪਏ ਅਤੇ 7 ਹਜਾਰ ਰੁਪਏ ਬਣਦੀ ਹੈ ਤੋਂ ਇਲਾਵਾ ਨਗਦੀ ਚੋਰੀ ਕਰਕੇ ਲੈ ਗਏ। ਇਸੇ ਤਰ੍ਹਾਂ ਗੁਰਦੁਆਰਾ ਬਾਬਾ ਨਾਮਦੇਵ ਨੇੜੇ ਬੀ. ਕੇ. ਟੈਲੀਕਾਮ ਦੇ ਮਾਲਕ ਆਤਮਾ ਰਾਮ ਪੁੱਤਰ ਪ੍ਰੀਤਮ ਰਾਮ ਵਾਸੀ ਬਾਜੀਗਰ ਬਸਤੀ ਦੀ ਦੁਕਾਨ 'ਚੋਂ ਚੋਰ 1 ਲੱਖ 20 ਹਜਾਰ ਰੁਪਏ ਨਗਦੀ, ਲੱਖ ਰੁਪਏ ਦੇ ਮੋਬਾਇਲ ਅਤੇ

ਡੀ.ਵੀ.ਆਰ ਅਤੇ ਕੈਮਰੇ ਤੋੜ ਕੇ ਨਾਲ ਲੈ ਗਏ। ਢਿਲਵਾਂ ਰੇਲਵੇ ਫਾਟਰ ਨੇੜੇ ਗਰਗ ਮੈਡੀਕਲ ਹਾਲ ਦੇ ਮਾਲਕ ਸੰਜੀਵ ਕੁਮਾਰ ਤਾਜੋਕੇ ਦੀ ਦੁਕਾਨ 'ਚੋਂ ਚੋਰ 35 ਹਜਾਰ ਰੁਪਏ ਦੇ ਕਰੀਬ ਨਗਦੀ ਤੋਂ ਇਲਾਵਾ ਨੈਣਾ ਫਾਰਮਾ ਦੀ ਦੁਕਾਨ ਦਾ ਜਿੰਦਰਾ ਤੋੜਿਆ ਪਰ ਬਚਾਅ ਰਿਹਾ ਅਤੇ ਨਾਲ ਦੀ ਦੁਕਾਨ ਦੇ ਰਾਮ ਐਂਡ ਕੰਪਨੀ ਦੇ ਮਾਲਕ ਰਮੇਸ਼ ਕੁਮਾਰ ਦੀ ਦੁਕਾਨ ਦੇ ਜਿੰਦਰੇ ਤੋੜਕੇ ਚੋਰ ਇਕ ਹਜਾਰ ਰੁਪਏ ਦੀ ਨਗਦੀ ਲੈ ਗਏ। ਦੁਕਾਨਦਾਰਾਂ ਨੇ ਦੱਸਿਆ ਕਿ ਚੋਰਾਂ ਨੇ ਪਹਿਰੇਦਾਰਾਂ ਨੂੰ ਡਰਾ ਧਮਕਾ ਕੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ। ਚੋਰਾਂ ਨੇ 5 ਮੈਡੀਕਲ ਸਟੋਰਾਂ ਨੂੰ ਨਿਸ਼ਾਨਾ ਬਣਾਇਆ ਹੈ। ਇਸ ਮੌਕੇ ਪਹਿਰੇਦਾਰ ਸਤਨਾਮ ਸਿੰਘ ਦਾ ਕਹਿਣਾ ਹੈ ਕਿ ਚਾਰ ਚੋਰ ਇਕ ਸਵਿਫਟ ਕਾਰ 'ਚ ਸਵਾਰ ਹੋਕੇ ਆਏ ਸਨ ਜਿਨ੍ਹਾਂ ਨੇ ਕਾਰਾਂ ਦੇ ਸ਼ੀਸ਼ਿਆਂ ਨੂੰ ਕਾਲੇ ਕੱਪੜਿਆਂ ਨਾਲ ਢੱਕਿਆ ਹੋਇਆ ਸੀ ਅਤੇ ਅਪਣੇ ਮੂੰਹ ਸਿਰ ਲਪੇਟੇ ਹੋਏ ਸਨ। ਇਕ ਹੋਰ ਰਾਹਗਿਰ ਮੱਖਣ ਜਿੰਦਲ ਜੋ ਸਵੇਰੇ ਹਾਈਵੇ 'ਤੇ ਸੈਰ ਕਰ ਰਿਹਾ ਸੀ ਦਾ ਕਹਿਣਾ ਹੈ ਕਿ ਇਕ ਚਿੱਟੇ ਰੰਗ ਦੀ ਕਾਰ ਜੋ ਅੰਦਰਲੇ ਅੱਡੇ ਵੱਲੋਂ ਤੇਜ ਰਫਤਾਰ ਨਾਲ ਬਠਿੰਡਾ ਵੱਲ ਨੂੰ ਜਾਂਦੀ ਦੇਖੀ ਹੈ ਜਿਸ ਦੇ ਪਿੱਛੇ ਪੁਲਸ ਦੀ ਗੱਡੀ ਵੀ ਪਿੱਛਾ ਕਰ ਰਹੀ ਸੀ ਪਰ ਪਤਾ ਨਹੀਂ ਲੱਗਾ ਕਾਰ ਕਿਧਰ ਚਲੀ ਗਈ। ਵਪਾਰੀਆਂ ਨੇ ਸਦਰ ਬਾਜਾਰ 'ਚ ਆਪਣੇ-ਆਪਣੇ ਕਾਰੋਬਾਰ ਬੰਦ ਕਰਕੇ ਪੁਲਸ ਪ੍ਰਸ਼ਾਸਨ ਖਿਲਾਫ ਨਾਅਰੇਬਾਜੀ ਕਰਦਿਆਂ ਮੰਗ ਕੀਤੀ ਕਿ ਸ਼ਹਿਰ 'ਚ ਹਰ ਰੋਜ ਮੋਟਰਸਾਇਕਲ ਚੋਰੀ, ਸਨੈਚਿੰਗ ਅਤੇ ਚੋਰੀਆਂ ਹੋ ਰਹੀਆਂ ਹਨ ਪਰ ਪੁਲਸ ਮੂਕ ਦਰਸ਼ਕ ਬਣ ਕੇ ਬੈਠੀ ਹੈ, ਪੁਲਸ ਦਾਅਵਾ ਕਰ ਰਹੀ ਹੈ ਕਿ ਪੁਲਸ ਪੈਟਰੋਲਿੰਗ ਕਰ ਰਹੀ ਹੈ, ਨਾਕੇ ਲਗਾ ਰਹੀ ਅਤੇ ਗਸ਼ਤ ਕਰ ਰਹੀ ਹੈ ਪਰ ਸਭ ਕੁਝ ਕਾਗਜਾਂ 'ਚ ਹੀ ਹੋ ਰਿਹਾ ਹੈ। ਦੂਜੇ ਪਾਸੇ ਡੀ.ਐੱਸ.ਪੀ ਤਪਾ ਡਾ. ਮਾਨਵਜੀਤ ਸਿੰਘ ਸਿੱਧੂ, ਥਾਣਾ ਮੁੱਖੀ ਤਪਾ ਧਰਮ ਪਾਲ, ਚੌਂਕੀ ਇੰਚਾਰਜ ਕਰਮਜੀਤ ਸਿੰਘ ਦੀ ਅਗਵਾਈ 'ਚ ਪੁੱਜੀ ਪੁਲਸ ਪਾਰਟੀ ਨੇ ਵਪਾਰੀਆਂ ਨੂੰ ਭਰੋਸਾ ਦਿੰਦਾ ਦੱਸਿਆ ਕਿ ਉਨ੍ਹਾਂ ਦੇ ਧਿਆਨ 'ਚ ਆਇਆ ਹੈ ਕਿ ਕਾਰ ਸਵਾਰ ਚੋਰ ਗਿਰੋਹ ਵੱਖ-ਵੱਖ ਕਈ ਸ਼ਹਿਰਾਂ 'ਚ ਇਕੱਠੀਆਂ ਚੋਰੀਆਂ ਕਰਕੇ ਵਪਾਰੀਆਂ ਦੇ ਦੁਕਾਨਾਂ 'ਚੋਂ ਚੋਰੀ ਕਰ ਰਿਹਾ ਹੈ ਉਨ੍ਹਾਂ ਕਿਹਾ ਕਿ ਚੋਰਾਂ ਨੂੰ ਜਲਦੀ ਫੜ ਲਿਆ ਜਾਵੇਗਾ।

20 ਦਿਨ ਪਹਿਲਾਂ ਕਰਵਾਇਆ ਪ੍ਰੇਮ ਵਿਆਹ, ਚਾਚੇ ਸਹੁਰੇ ਵੱਲੋਂ ਧਮਕੀਆਂ ਦੇਣ 'ਤੇ ਵਿਗੜੀ ਕੁੜੀ ਦੀ ਸਿਹਤ

ਅਬੋਹਰ 26 ਨਵੰਬਰ। ਸਥਾਨਕ ਈਦਗਾਹ ਬਸਤੀ ਦੇ ਰਹਿਣ ਵਾਲੇ ਇਕ ਨੌਜਵਾਨ ਵੱਲੋਂ ਕਰੀਬ 20 ਦਿਨ ਪਹਿਲਾਂ ਹਾਈਕੋਰਟ 'ਚ ਪ੍ਰੇਮ ਵਿਆਹ ਕਰਵਾਉਣ ਵਾਲੀ ਕੁੜੀ ਨੂੰ ਅੱਜ ਕਥਿਤ ਤੌਰ 'ਤੇ ਉਸ ਦੇ ਚਾਚੇ ਸਹੁਰੇ ਵੱਲੋਂ ਕਈ ਤਰ੍ਹਾਂ ਦੀਆਂ ਧਮਕੀਆਂ ਦਿੱਤੀਆਂ ਗਈਆਂ, ਜਿਸ ਕਾਰਨ ਉਹ ਡਿਪ੍ਰੈਸ਼ਨ 'ਚ ਚਲੀ ਗਈ। ਉਸ ਦੀ ਹਾਲਤ ਵਿਗੜ ਜਾਣ 'ਤੇ ਉਸ ਦੇ ਪਤੀ ਨੇ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ। ਵਰਨਣਯੋਗ ਹੈ ਕਿ ਨਵ-ਵਿਆਹੁਤਾ ਜੋੜਾ ਪਹਿਲਾਂ ਹੀ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਆਪਣੀ ਸੁਰੱਖਿਆ ਲਈ ਅਪੀਲ ਕਰ ਚੁੱਕਾ ਹੈ। ਇਸ

ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਜੋਤੀ (26) ਪਤਨੀ ਮੋਹਿਤ ਵਾਸੀ ਜੈਤੋ ਮੰਡੀ ਨੇ ਦੱਸਿਆ ਕਿ ਉਸ ਨੇ ਈਦਗਾਹ ਬਸਤੀ ਵਾਸੀ ਮੋਹਿਤ ਨਾਲ 16 ਜੁਲਾਈ ਨੂੰ ਪੰਜਾਬ ਹਰਿਆਣਾ ਹਾਈਕੋਰਟ 'ਚ ਲਵ ਮੈਰਿਜ ਕਰਵਾਈ ਸੀ। ਇਸ ਤੋਂ ਬਾਅਦ ਉਸ ਨੇ ਪੁਲਸ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਕਿ ਮੋਹਿਤ ਦੇ ਪਰਿਵਾਰਕ ਮੈਂਬਰ ਉਸ ਨੂੰ ਪਸੰਦ ਨਹੀਂ ਕਰਦੇ ਅਤੇ ਇਸ ਵਿਆਹ ਤੋਂ ਖੁਸ਼ ਨਹੀਂ ਹਨ। ਉਹ ਉਨ੍ਹਾਂ ਨੂੰ ਧਮਕੀਆਂ ਦਿੰਦੇ ਹਨ, ਇਸ ਲਈ ਉਨ੍ਹਾਂ ਨੂੰ ਸੁਰੱਖਿਆ ਦਿੱਤੀ ਜਾਵੇ। ਜੋਤੀ ਨੇ ਦੱਸਿਆ ਕਿ ਅੱਜ ਉਸ ਦਾ ਪਤੀ ਘਰ 'ਤੇ ਨਹੀਂ ਸੀ, ਜਿਸ ਕਾਰਨ ਉਸ ਦੇ ਚਾਚੇ ਸਹੁਰੇ ਨੇ ਉਸ ਨੂੰ ਫੋਨ 'ਤੇ ਬੁਰਾ-ਭਲਾ ਬੋਲਿਆ ਅਤੇ ਘਰ ਛੱਡਣ ਦੀਆਂ ਧਮਕੀਆਂ ਦਿੱਤੀਆਂ, ਜਿਸ ਤੋਂ ਬਾਅਦ ਉਸ ਦੀ ਹਾਲਤ ਵਿਗੜ ਗਈ ਅਤੇ ਉਸ ਦੇ ਪਤੀ ਮੋਹਿਤ ਨੇ ਉਸ ਨੂੰ ਹਸਪਤਾਲ ਦਾਖਲ ਕਰਵਾਇਆ। ਮੋਹਿਤ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਜੋਤੀ ਦੇ ਦਿਲ 'ਚ ਛੇਦ ਦਾ ਆਪ੍ਰੇਸ਼ਨ ਹੋਇਆ ਹੈ, ਜਿਸ ਕਾਰਨ ਉਸ ਦੀ ਹਾਲਤ ਵਿਗੜ ਗਈ। ਉਨ੍ਹਾਂ ਕਿਹਾ ਕਿ ਜੇਕਰ ਪੁਲਸ ਨੇ ਸਮੇਂ ਸਿਰ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਖਿ?ਲਾਫ ਕਾਰਵਾਈ ਕੀਤੀ ਹੁੰਦੀ ਤਾਂ ਇਹ ਸਥਿਤੀ ਨਹੀਂ ਹੋਣੀ ਸੀ ਅਤੇ ਹੁਣ ਉਹ ਮੁੜ ਹਾਈ ਕੋਰਟ 'ਚ ਸੁਰੱਖਿਆ ਦੀ ਮੰਗ ਕਰਨਗੇ।

ਖਰੜ ਸਿਟੀ ਪੁਲਸ ਵੱਲੋਂ 1 ਕਿਲੋ 200 ਗ੍ਰਾਮ ਅਫੀਮ ਸਣੇ ਇਕ ਵਿਅਕਤੀ ਗ੍ਰਿਫਤਾਰ

ਖਰੜ 26 ਨਵੰਬਰ। ਖਰੜ ਸਿਟੀ ਪੁਲਸ ਨੇ 1 ਕਿਲੋ 200 ਗ੍ਰਾਮ ਅਫੀਮ ਦੀ ਬਰਾਮਦਗੀ ਉਪਰੰਤ ਮੁਲਜਮ ਰਾਮਰਤਨ ਵਾਸੀ ਜਿ?ਲ੍ਹਾ ਬਦਾਯੂੰ ਉਤਰ ਪ੍ਰਦੇਸ਼ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਸ ਵਿਰੁੱਧ ਐੱਨ. ਡੀ. ਪੀ. ਐੱਸ. ਕਾਨੂੰਨ ਅਧੀਨ ਕੇਸ ਦਰਜ ਕੀਤਾ ਹੈ। ਇਸ ਸਬੰਧੀ ਖਰੜ ਸਿਟੀ ਦੇ ਐੱਸ. ਐੱਚ. ਓ. ਪੀ. ਐੱਸ. ਗਰੇਵਾਲ ਨੇ ਦੱਸਿਆ ਕਿ ਏ. ਐੱਸ. ਆਈ. ਰਜਿੰਦਰ ਸਿੰਘ ਆਪਣੀ ਪੁਲੀਸ ਪਾਰਟੀ ਸਮੇਤ ਨਿੱਝਰ ਚੌਂਕ ਸੰਨੀ ਇਨਕਲੇਵ ਕੋਲ ਨਾਕਾ ਲਗਾਇਆ ਹੋਇਆ ਸੀ ਅਤੇ ਇਹ ਵਿਅਕਤੀ ਪੈਦਲ ਆਉਂਦਾ ਵਿਖਾਈ ਦਿੱਤਾ। ਵਿਅਕਤੀ ਪੁਲਸ ਪਾਰਟੀ ਨੂੰ ਵੇਖ ਕੇ ਉਥੋਂ ਭੱਜਣ ਲੱਗਾ ਤਾਂ ਸੱਕ ਦੀ ਨਿਗਾਂ ਤੋਂ ਉਸ ਦੇ ਬੈਗ ਦੀ ਤਲਾਸ਼ੀ ਲਈ ਗਈ ਤਾਂ ਉਸ ਵਿਚੋਂ 1 ਕਿਲੋ 200 ਗ੍ਰਾਮ ਅਫੀਮ ਬਰਾਮਦ ਹੋਈ। ਬਰਾਮਦਗੀ ਉਪਰੰਤ ਮੁਲਜਮ ਨੂੰ ਪੁਲਸ ਨੇ ਆਪਣੇ ਕਬਜ਼ੇ ਵਿਚ ਲਿਆ ਅਤੇ ਉਸ ਨੂੰ ਦੋ ਦਿਨ ਦੀ ਪੁਲਸ ਰਿਮਾਂਡ ਵਿਚ ਭੇਜ ਦਿੱਤਾ।

ਪੰਜਾਬ 'ਚ ਸ਼ਰਮਨਾਕ ਘਟਨਾ ! ਧੀ ਦੀ ਲਵ-ਮੈਰਿਜ ਦਾ ਬਦਲਾ ਲੈਣ ਲਈ ਪਿਓ ਤੇ ਚਾਚੇ ਨੇ ਮੁੰਡੇ ਦੀ ਭੈਣ ਨਾਲ ਕੀਤਾ ਗੈਂਗਰੇਪ

ਲੁਧਿਆਣਾ 26 ਨਵੰਬਰ। ਲੁਧਿਆਣਾ ਦੇ ਬੇਹੱਦ ਸ਼ਰਮਨਾਕ ਖਬਰ ਸਾਹਮਣੇ ਆਈ ਹੈ। ਇੱਥੇ ਇਕ ਕੁੜੀ ਵੱਲੋਂ ਆਪਣੀ ਮਰਜੀ ਦੇ ਮੁੰਡੇ ਨਾਲ ਕੀਤੀ ਲਵ ਮੈਰਿਜ ਦਾ ਬਦਲਾ ਲੈਣ ਲਈ ਕੁੜੀ ਦੇ ਪਿਓ ਅਤੇ ਚਾਚੇ ਨੇ ਮੁੰਡੇ ਦੀ ਭੈਣ ਨਾਲ ਗੈਂਗਰੇਪ ਕਰ ਦਿੱਤਾ। ਪੁਲਸ ਵੱਲੋਂ ਮਾਮਲਾ ਦਰਜ ਕਰ ਕੇ ਮੁਲਜਮਾਂ ਦੀ ਭਾਲ ਵਿਚ ਛਾਪੇਮਾਰੀ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਪੀੜਤਾ ਦੇ ਭਰਾ ਨੇ ਇਕ ਕੁੜੀ ਨਾਲ ਲਵ ਮੈਰਿਜ ਕੀਤੀ ਸੀ। ਜਦੋਂ ਉਸ ਕੁੜੀ ਦੇ ਪਿਤਾ ਅਤੇ ਚਾਚਾ ਕੁੜੀ ਦੀ ਭਾਲ ਕਰਨ ਆਏ ਤਾਂ ਉਨ੍ਹਾਂ ਨੇ ਆਪਣੇ ਕਥਿਤ ਬੇਇਜਤੀ ਦਾ ਬਦਲਾ ਲੈਣ ਲਈ ਮੁੰਡੇ ਦੀ ਭੈਣ ਦੀ ਪੱਤ ਰੋਲ ਦਿੱਤੀ। ਇਸ ਮਾਮਲੇ ਵਿਚ ਥਾਣਾ ਟਿੱਬਾ ਦੀ ਪੁਲਸ ਨੇ ਕਾਰਵਾਈ ਕਰਦਿਆਂ ਕੁੜੀ ਦੇ ਪਿਤਾ ਰਵਿੰਦਰ ਸਿੰਘ, ਚਾਚਾ ਵਰਿੰਦਰ ਸਿੰਘ, ਸੰਤੋਖ ਸਿੰਘ ਅਤੇ ਅਮਨ ਸਿੰਘ ਖਿ?ਲਾਫ ਕੇਸ ਦਰਜ ਕੀਤਾ ਹੈ। ਮੁਲਜਮਾਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਨਿਮਰਤ ਖਹਿਰਾ ਦੀ ਜ਼ਿੰਦਗੀ ਦਾ ਸਭ ਤੋਂ ਬੁਰਾ ਦੌਰ, ਜਿਸ ਨੇ ਪਲਾਂ 'ਚ ਹੀ ਬਦਲ ਦਿੱਤੀ ਸੀ ਪੂਰੀ ਜਿੰਦਗੀ

ਜਲੰਧਰ 26 ਨਵੰਬਰ। ਪੰਜਾਬੀ ਗਾਇਕੀ ਨੂੰ ਚਾਰ-ਚੰਨ ਲਾਉਣ ਵਾਲੀ ਨਿਮਰਤ ਖਹਿਰਾ ਨੇ ਸਾਫ-ਸੁਥਰੀ ਗਾਇਕੀ ਨਾਲ ਲੋਕਾਂ ਦੇ ਦਿਲਾਂ 'ਚ ਖਾਸ ਪਛਾਣ ਬਣਾਈ। ਨਿਮਰਤ ਖਹਿਰਾ ਦਾ ਅੱਜ ਆਪਣਾ 32ਵਾਂ ਜਨਮਦਿਨ ਸੈਲੀਬ੍ਰੇਟ ਕਰ ਰਹੀ ਹੈ। ਸੋਸ਼ਲ ਮੀਡੀਆ 'ਤੇ ਉਨ੍ਹਾਂ ਨੂੰ ਜਨਮਦਿਨ ਦੀਆਂ ਵਧਾਈਆਂ ਦੇਣ ਦਾ ਤਾਂਤਾ ਲੱਗਿਆ ਹੋਇਆ ਹੈ। ਨਿਮਰਤ ਖਹਿਰਾ ਦੇ ਸੋਸ਼ਲ ਮੀਡੀਆ ਅਕਾਊਂਟ 'ਤੇ ਲੋਕ ਲਗਾਤਾਰ ਕੁਮੈਂਟ ਕਰਕੇ ਉਨ੍ਹਾਂ ਨੂੰ ਜਨਮਦਿਨ ਦੀਆਂ ਵਧਾਈਆਂ ਦੇ ਰਹੇ ਹਨ। ਨਿਮਰਤ ਖਹਿਰਾ ਦੀ ਨਿੱਜੀ ਜ਼ਿੰਦਗੀ ਦੀ ਗੱਲ ਕੀਤੀ ਜਾਵੇ ਤਾਂ ਨਿਮਰਤ ਖਹਿਰਾ ਦਾ ਜਨਮ ਗੁਰਦਾਸਪੁਰ 'ਚ 1992 'ਚ ਹੋਇਆ। ਉਨ੍ਹਾਂ ਦਾ ਪੂਰਾ ਨਾਂ ਨਿਮਰਤਪਾਲ ਕੌਰ ਖਹਿਰਾ ਹੈ। ਨਿਮਰਤ ਖਹਿਰਾ ਨੇ ਹੁਣ ਤੱਕ ਜੋ ਵੀ ਸਰੋਤਿਆਂ ਦੀ ਝੋਲੀ 'ਚ ਗੀਤ ਪਾਏ ਹਨ, ਉਨ੍ਹਾਂ 'ਚ ਉਸ ਨੇ ਸੱਭਿਆਚਾਰਕ ਗੀਤਾਂ ਦੀਆਂ ਲੜੀਆਂ ਨੂੰ ਹੀ ਪਰਾਓ ਕੇ ਪਾਇਆ ਹੈ। ਨਿਮਰਤ ਖਹਿਰਾ ਉਨ੍ਹਾਂ ਨਾਮੀ ਗਾਇਕਾਂ 'ਚ ਮਸ਼ਹੂਰ ਹੈ, ਜੋ ਸਾਫ-ਸੁਥਰੀ ਤੇ ਸੱਭਿਆਚਾਰਕ ਗਾਇਕੀ ਨਾਲ ਜਾਣੇ ਜਾਂਦੇ ਹਨ। ਸਕੂਲ ਦੀ ਪੜ੍ਹਾਈ ਤੋਂ ਬਾਅਦ ਨਿਮਰਤ ਖਹਿਰਾ ਨੇ ਬੀ. ਏ. ਦੀ ਪੜ੍ਹਾਈ ਐੱਚ. ਐੱਮ. ਵੀ. ਕਾਲਜ ਤੋਂ ਪੂਰੀ ਕੀਤੀ। ਉਨ੍ਹਾਂ ਦਾ ਪਹਿਲਾ ਗੀਤ 'ਰੱਬ ਕਰਕੇ' ਨਿਸ਼ਾਂਤ ਭੁੱਲਰ ਨਾਲ

ਆਇਆ ਸੀ। ਦੂਜਾ ਗੀਤ 'ਐੱਸ. ਪੀ. ਦੇ ਰੈਂਕ' ਵੀ ਹਿੱਟ ਗੀਤ ਸੀ, ਜਿਸ ਨੂੰ ਸਰੋਤਿਆਂ ਦਾ ਭਰਵਾਂ ਹੁੰਗਾਰਾ ਮਿਲਿਆ ਸੀ। ਨਿਮਰਤ ਖਹਿਰਾ ਨੂੰ ਬਚਪਨ ਤੋਂ ਹੀ ਗਾਇਕੀ ਦਾ ਸ਼ੌਂਕ ਸੀ ਅਤੇ ਬਕਾਇਦਾ ਸੰਗੀਤ ਦੀਆਂ ਬਰੀਕੀਆਂ ਸਿੱਖੀਆਂ। ਸਾਲ 2012 'ਚ ਕਰਵਾਏ ਗਏ ਸ਼ੋਅ 'ਵਾਇਸ ਆਫ਼ ਪੰਜਾਬ' 'ਚ ਭਾਗ ਲੈ ਕੇ 'ਵਾਇਸ ਆਫ਼ ਪੰਜਾਬ' ਦਾ ਖ਼ਿਤਾਬ ਜਿੱਤਿਆ। ਇਸ ਤੋਂ ਬਾਅਦ ਹੀ ਉਨ੍ਹਾਂ ਦੀ ਗਾਇਕੀ ਦਾ ਸਫ਼ਰ ਸ਼ੁਰੂ ਹੋਇਆ ਸੀ। ਯੂਥ ਫੈਸਟੀਵਲਾਂ 'ਚ ਵੀ ਉਹ ਭਾਗ ਲੈਂਦੇ ਸਨ। ਨਿਮਰਤ ਖਹਿਰਾ ਨੂੰ ਗਾਇਕੀ ਤੋਂ ਇਲਾਵਾ ਜਿੰਮ ਅਤੇ ਪੜ੍ਹਨ, ਯੋਗਾ ਅਤੇ ਅਦਾਕਾਰੀ ਦਾ ਸ਼ੌਕ ਹੈ। ਕੌਰ ਬੀ ਅਤੇ ਦਿਲਜੀਤ ਦੋਸਾਂਝ, ਗੈਰੀ ਸੰਧੂ ਉਨ੍ਹਾਂ ਦੇ ਪਸੰਦੀਦਾ ਕਲਾਕਾਰ ਹਨ। ਪੀਲਾ ਰੰਗ ਉਨ੍ਹਾਂ ਨੂੰ ਬਹੁਤ ਪਸੰਦ ਹੈ। ਹੁਣ ਤੁਹਾਨੂੰ ਦੱਸਦੇ ਹਾਂ ਕਿ ਨਿਮਰਤ ਖਹਿਰਾ ਦੀ ਜ਼ਿੰਦਗੀ 'ਚ ਬੇਹੱਦ ਬੁਰਾ ਪਲ ਕਿਹੜਾ ਸੀ। ਦਰਅਸਲ ਨਿਮਰਤ ਖਹਿਰਾ ਨੇ ਸਕੂਲ 'ਚ ਜਦੋਂ ਉਹ ਅੱਠਵੀਂ ਜਾਂ ਸੱਤਵੀਂ ਜਮਾਤ 'ਚ ਪੜ੍ਹਦੇ ਸਨ ਤਾਂ ਸਕੂਲ 'ਚ ਕੋਈ ਪ੍ਰੋਗਰਾਮ ਹੋ ਰਿਹਾ ਸੀ ਅਤੇ ਉਹ ਵੀ ਪਰਫਾਰਮ ਕਰਨ ਲਈ ਗਏ ਪਰ ਜਿਉਂ ਹੀ ਉਨ੍ਹਾਂ ਨੇ ਮਾਈਕ ਫੜ੍ਹਿਆ ਤਾਂ ਕਿਸੇ ਨੇ ਉਨ੍ਹਾਂ ਤੋਂ ਮਾਈਕ ਖੋਹ ਲਿਆ ਅਤੇ ਇਸ ਕਾਰਨ ਉਨ੍ਹਾਂ ਦੇ ਬਾਲ ਮਨ 'ਤੇ ਡੂੰਘੀ ਸੱਟ ਲੱਗੀ। ਇਸ ਤੋਂ ਬਾਅਦ ਹੀ ਉਨ੍ਹਾਂ ਨੇ ਫ਼ੈਸਲਾ ਕਰ ਲਿਆ ਸੀ ਕਿ ਉਹ ਗਾਇਕੀ ਦੇ ਖ਼ੇਤਰ 'ਚ ਹੀ ਕੁਝ ਕਰਕੇ ਵਿਖਾਉਣਗੇ। ਇਸ ਤੋਂ ਬਾਅਦ ਉਨ੍ਹਾਂ ਨੇ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ।

ਦਿਲ-ਦਹਿਲਾ ਦੇਣ ਵਾਲੀ ਘਟਨਾ, ਪੰਜਾਬ ਦੇ ਇਸ ਇਲਾਕੇ 'ਚੋਂ ਮਿਲੀਆਂ 3 ਲਾਸ਼ਾਂ

ਦਸੂਹਾ 26 ਨਵੰਬਰ। ਦਸੂਹਾ ਪੁਲਸ ਨੇ ਉੱਚੀ ਬੱਸੀ ਮੁਕੇਰੀਆਂ ਹਾਈਡ੍ਰਲ ਪ੍ਰਾਜੈਕਟ ਨਹਿਰ ਦੇ ਪਾਵਰ ਹਾਊਸ ਨੰਬਰ 05 ਨੇੜੇ ਟੋਰਕਿਆਣਾ ਤੋਂ 2 ਲਾਸ਼ਾਂ ਅਤੇ 1 ਲਾਸ਼ ਦਸੂਹਾ ਸ਼ਹਿਰ 'ਚ ਬਰਾਮਦ ਕੀਤੀ ਹੈ। ਤਿੰਨ ਲਾਸ਼ਾਂ ਬਰਾਮਦ ਹੋਣ ਨਾਲ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਦਸੂਹਾ ਹਰਪ੍ਰੇਮ ਸਿੰਘ ਏ. ਐੱਸ. ਆਈ. ਰਾਜਵਿੰਦਰ ਸਿੰਘ ਅਤੇ ਏ. ਐੱਸ. ਆਈ. ਮਹਿੰਦਰ ਸਿੰਘ ਨੇ ਦੱਸਿਆ ਹੈ ਕਿ ਜੋ 2 ਲਾਸ਼ਾਂ ਉੱਚੀ ਬੱਸ

‘ਵੋਟ ਦੇ ਬਦਲੇ ਨੋਟ’ ਮਾਮਲੇ ਦਾ ਮੁਲਜਮ ਅਹਿਮਦਾਬਾਦ ਹਵਾਈ ਅੱਡੇ ਤੋਂ ਗ੍ਰਿਫ਼ਤਾਰ

ਮੁੰਬਈ 26 ਨਵੰਬਰ। ਮਹਾਰਾਸਟਰ ’ਚ ‘ਵੋਟ ਦੇ ਬਦਲੇ ਨੋਟ’ ਮਾਮਲੇ ’ਚ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਮਨੀ ਲਾਂਡਰਿੰਗ ਮਾਮਲੇ ਅਧੀਨ ਲੋੜੀਂਦੇ ਇਕ ਮੁਲਜਮ ਨੂੰ ਅਹਿਮਦਾਬਾਦ ਦੇ ਕੌਮਾਂਤਰੀ ਹਵਾਈ ਅੱਡੇ ਤੋਂ

ਗ੍ਰਿਫ਼ਤਾਰ ਕੀਤਾ ਗਿਆ ਹੈ। ਸੂਤਰਾਂ ਨੇ ਬੁੱਧਵਾਰ ਦੱਸਿਆ ਕਿ ਐੱਨ. ਅਕਰਮ ਮੁਹੰਮਦ ਸਫੀ ਵਿਰੁੱਧ ਈ. ਡੀ ਨੇ ਲੁੱਕ ਆਊਟ ਸਰਕੂਲਰ ਜਾਰੀ ਕੀਤਾ ਸੀ, ਜਿਸ ਦੇ ਆਧਾਰ ’ਤੇ ਉਸ ਨੂੰ ਗੁਜਰਾਤ ਦੇ ਹਵਾਈ ਅੱਡੇ ’ਤੇ ਇਮੀਗ੍ਰੇਸ਼ਨ ਦੇ ਅਧਿਕਾਰੀਆਂ ਨੇ ਰੋਕ ਲਿਆ। ਉਹ ਦੁਬਈ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਏਜੰਸੀ ਨੇ ਪਿਛਲੇ ਹਫਤੇ ਮਾਲੇਗਾਂਵ ਦੇ ਕਾਰੋਬਾਰੀ ਸਿਰਾਜ ਅਹਿਮਦ ਹਾਰੂਨ ਮੇਮਨ ਵਿਰੁੱਧ ਦਰਜ ਕੀਤੇ ਗਏ ਮਾਮਲੇ ’ਚ ਮਹਾਰਾਸਟਰ ਤੇ ਗੁਆਂਢੀ ਸੂਬੇ ਗੁਜਰਾਤ ’ਚ ਛਾਪੇਮਾਰੀ ਕੀਤੀ ਸੀ। ਮੇਮਨ ’ਤੇ 100 ਕਰੋੜ ਰੁਪਏ ਤੋਂ ਵੱਧ ਦੇ ਲੈਣ-ਦੇਣ ਲਈ ਵੱਖ-ਵੱਖ ਵਿਅਕਤੀਆਂ ਦੇ ਬੈਂਕ ਖਾਤਿਆਂ ਦੀ ਦੁਰਵਰਤੋਂ ਕਰਨ ਦਾ ਦੋਸ਼ ਹੈ। ਮਨੀ ਲਾਂਡਰਿੰਗ ਦਾ ਮਾਮਲਾ ਮਾਲੇਗਾਓਂ ਪੁਲਸ ਵੱਲੋਂ 7 ਨਵੰਬਰ ਨੂੰ ਚਾਹ ਤੇ ਕੋਲਡ ਡਰਿੰਕ ਏਜੰਸੀ ਦੇ ਸੰਚਾਲਕ ਮੇਮਨ ਤੇ ਉਸ ਦੇ ਕੁਝ ਸਾਥੀਆਂ ਵਿਰੁੱਧ ਦਰਜ ਕੀਤੀ ਗਈ ਐੱਫ.ਆਈ.ਆਰ. ’ਤੇ ਅਧਾਰਤ ਹੈ।

ਘਰਾਂ ‘ਚ ਭਰ ਲਓ ਰਾਸ਼ਨ, ਇੰਨੇ ਦਿਨ ਦਾ ਲੱਗਣ ਜਾ ਰਿਹਾ ਲਾਕਡਾਊਨ, ਜਾਰੀ ਹੋਈ ਵੱਡੀ ਚਿਤਾਵਨੀ

ਨੈਸ਼ਨਲ ਡੈਸਕ 26 ਨਵੰਬਰ। ਕੋਰੋਨਾ ਮਹਾਮਾਰੀ ਦੌਰਾਨ ਲੱਗਾ ਲਾਕਡਾਊਨ ਤਾਂ ਤਹਾਨੂੰ ਯਾਦ ਹੀ ਹੋਵੇਗਾ। ਹੁਣ ਇੱਕ ਵਾਰ ਫਿਰ ਅਜਿਹੀ ਸਥਿਤੀ ਪੈਦਾ ਹੋ ਰਹੀ ਹੈ ਜਿਸ ਕਾਰਨ ਦੇਸ ਦੇ ਕਈ ਖੇਤਰਾਂ ਵਿੱਚ ਲਾਕਡਾਊਨ ਲਾਗੂ ਕੀਤਾ ਜਾ ਸਕਦਾ ਹੈ। ਦੇਸ ਦੇ ਕਈ ਸੂਬਿਆਂ ਸੰਬੰਧੀ ਵੱਡੀ ਚਿਤਾਵਨੀ ਜਾਰੀ ਕੀਤੀ ਗਈ ਹੈ। ਇਸ ਚਿਤਾਵਨੀ ਦੇ ਅਨੁਸਾਰ, ਆਉਣ ਵਾਲੇ ਕੁਝ ਦਿਨਾਂ ਲਈ ਆਪਣੇ ਘਰਾਂ ਵਿੱਚ ਰਾਸਨ ਆਦਿ ਵਰਗੀਆਂ ਜਰੂਰੀ ਚੀਜਾਂ ਸਟੋਰ ਕਰ ਲਓ। ਦਰਅਸਲ, ਮੌਸਮ ਦੇ ਪੈਟਰਨ ਤੇਜੀ ਨਾਲ ਬਦਲ ਰਹੇ ਹਨ। ਪਰ ਕੁਝ ਸੂਬਿਆਂ ਵਿੱਚ ਸਥਿਤੀ ਅਜੇ ਵੀ ਮੁਸਕਲ ਬਣੀ ਹੋਈ ਹੈ। ਕੁਝ ਥਾਵਾਂ ‘ਤੇ ਭਾਰੀ ਮੀਂਹ ਅਤੇ ਕਈ ਥਾਵਾਂ ‘ਤੇ ਬਰਫਬਾਰੀ ਦੇ ਨਾਲ-ਨਾਲ ਸੰਘਣੀ ਧੁੰਦ ਅਤੇ ਪ੍ਰਦੂਸਣ ਨੇ ਲੋਕਾਂ ਦਾ ਜਿਊਣਾ ਮੁਸਕਲ ਕਰ ਦਿੱਤਾ ਹੈ। ਦੇਸ ਦੀ ਰਾਜਧਾਨੀ ਦਿੱਲੀ ਦੀ ਜੇਕਰ ਗੱਲ ਕਰੀਏ ਤਾਂ ਇੱਥੋਂ ਦੀ ਹਵਾ ਦੀ ਗੁਣਵੱਤਾ ਲਗਾਤਾਰ ਜਹਿਰੀਲੀ ਹੁੰਦੀ ਜਾ ਰਹੀ ਹੈ। ਇਸ ਲਈ ਇਸ ਦਾ ਵੱਡਾ ਅਸਰ ਰਾਜਧਾਨੀ ਦਿੱਲੀ ਅਤੇ ਇਸ ਦੇ ਨਾਲ ਲੱਗਦੇ ਖੇਤਰਾਂ ਯਾਨੀ ‘ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਦਿੱਲੀ ਵਿੱਚ ਗ੍ਰੇਪ-4 ਲਾਗੂ ਕਰ ਦਿੱਤਾ ਗਿਆ ਹੈ। ਇਸ

ਤਹਿਤ ਸਕੂਲ-ਕਾਲਜ ਬੰਦ ਕਰਨ ਦਾ ਐਲਾਨ ਕੀਤਾ ਗਿਆ ਹੈ, ਜਦਕਿ ਕਈ ਨਿੱਜੀ ਦਫਤਰਾਂ ਦੇ ਸਮੇਂ ‘ਚ ਬਦਲਾਅ ਕੀਤਾ ਗਿਆ ਹੈ ਅਤੇ ਕੁਝ ਥਾਵਾਂ ‘ਤੇ ਘਰ ਤੋਂ ਕੰਮ (ਵਰਕ ਫਰਾਮ ਹੋਮ) ਕਰਨ ਦਾ ਵੀ ਹੁਕਮ ਦਿੱਤਾ ਗਿਆ ਹੈ। ਦੇਸ ਦੇ ਕਈ ਇਲਾਕੇ ਅਜਿਹੇ ਹਨ ਜਿੱਥੇ ਪੱਛਮੀ ਗੜਬੜੀ ਦਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਅਲ ਨੀਨਾ ਪ੍ਰਭਾਵ ਕਾਰਨ ਦੇਸ ਦੇ ਦੱਖਣੀ ਅਤੇ ਉੱਤਰ-ਪੂਰਬੀ ਸੂਬਿਆਂ ਵਿੱਚ ਵੱਡਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਮੁੱਖ ਤੌਰ ‘ਤੇ ਆਂਧਰਾ ਪ੍ਰਦੇਸ, ਕਰਨਾਟਕ ਦੇ ਤੱਟਵਰਤੀ ਖੇਤਰ, ਤਾਮਿਲਨਾਡੂ ਅਤੇ ਕੇਰਲ ਦੇ ਕਈ ਜਿ?ਲ੍ਹੇ ਸਾਮਲ ਹਨ। ਇਸ ਤੋਂ ਇਲਾਵਾ ਉੱਤਰ-ਪੂਰਬੀ ਸੂਬਿਆਂ ‘ਚ ਵੀ ਭਾਰੀ ਮੀਂਹ ਕਾਰਨ ਮੁਸਕਲਾਂ ਵਧ ਸਕਦੀਆਂ ਹਨ। ਇਨ੍ਹਾਂ ਵਿੱਚ ਮੁੱਖ ਤੌਰ ‘ਤੇ ਅਮਾਸ, ਮੇਘਾਲਿਆ, ਮਿਜੋਰਮ, ਨਾਗਾਲੈਂਡ ਅਤੇ ਸਿੱਕਮ ਸਾਮਲ ਹਨ। ਇੱਥੇ ਲੋਕਾਂ ਨੂੰ ਜਦ ਤਕ ਜਰੂਰੀ ਨਾ ਹੋਵੇ ਉਸ ਵੇਲੇ ਤੱਕ ਘਰਾਂ ਵਿੱਚ ਰਹਿਣ ਦੀ ਹਦਾਇਤ ਕੀਤੀ ਗਈ ਹੈ। ਸਮੁੰਦਰੀ ਖੇਤਰਾਂ ਵਿੱਚ ਮਛੇਰਿਆਂ ਨੂੰ ਤੱਟਾਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਗਈ ਹੈ। ਪਹਾੜੀ ਸੂਬਿਆਂ ਵਿੱਚ ਵੀ ਮੌਸਮ ਦਾ ਰੂਪ ਬਦਲ ਰਿਹਾ ਹੈ। ਇੱਥੇ ਇੱਕ ਵਾਰ ਫਿਰ ਭਾਰੀ ਬਰਫਬਾਰੀ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਅਜਿਹੇ ‘ਚ ਉੱਤਰਾਖੰਡ ਦੇ ਕਈ ਜਿ?ਲ੍ਹੇ ਅਤੇ ਹਿਮਾਚਲ ਪ੍ਰਦੇਸ ਦੇ ਉੱਚਾਈ ਵਾਲੇ ਖੇਤਰ ਵੀ ਪ੍ਰਭਾਵਿਤ ਹੋ ਸਕਦੇ ਹਨ। ਇੱਥੇ ਵੀ ਲੋਕ ਘਰਾਂ ਵਿੱਚ ਕੈਦ ਰਹਿਣ ਲਈ ਮਜਬੂਰ ਹਨ। ਉਥੇ ਹੀ ਜੰਮੂ-ਕਸਮੀਰ ‘ਚ ਵੀ ਤਾਜਾ ਬਰਫਬਾਰੀ ਤੋਂ ਬਾਅਦ ਤਾਪਮਾਨ ‘ਚ ਤੇਜੀ ਨਾਲ ਗਿਰਾਵਟ ਦਰਜ ਕੀਤੀ ਗਈ ਹੈ। ਬਦਲਦੇ ਮੌਸਮ ਦੇ ਕਾਰਨ ਦੇਸ ਦੇ ਕਈ ਸੂਬਿਆਂ ਵਿੱਚ ਲਾਕਡਾਊਨ ਵਰਗੇ ਹਾਲਾਤ ਪੈਦਾ ਹੋ ਰਹੇ ਹਨ। ਕਿਤੇ ਮੀਂਹ, ਕਿਤੇ ਬਰਫਬਾਰੀ ਅਤੇ ਕਈ ਥਾਵਾਂ ‘ਤੇ ਮਾਰੂ ਹਵਾਵਾਂ ਕਾਰਨ ਲੋਕ ਘਰਾਂ ‘ਚ ਹੀ ਕੈਦ ਹੋ ਕੇ ਰਹਿ ਰਹੇ ਹਨ। ਇਹੀ ਕਾਰਨ ਹੈ ਕਿ ਲੋਕਾਂ ਨੂੰ ਅਗਲੇ ਕੁਝ ਦਿਨਾਂ ਤੱਕ ਜਰੂਰੀ ਵਸਤੂਆਂ ਆਪਣੇ ਘਰਾਂ ਵਿੱਚ ਸਟੋਰ ਕਰਨ ਦੀ ਸਲਾਹ ਦਿੱਤੀ ਗਈ ਹੈ। ਜਿਸ ਤਰ੍ਹਾਂ ਕਰੋਨਾ ਮਹਾਮਾਰੀ ਦੌਰਾਨ ਲੋਕ ਘਰਾਂ ‘ਚ ਰਹਿ ਕੇ ਜਰੂਰੀ ਵਸਤਾਂ ਦੀ ਸਪਲਾਈ ਕਰਦੇ ਸਨ, ਉਸੇ ਤਰ੍ਹਾਂ ਹੁਣ ਮੌਸਮ ਵੀ ਅਜਿਹੇ ਹੀ ਹਾਲਾਤ ਪੈਦਾ ਕਰ ਰਿਹਾ ਹੈ।

ਖੇਡ-ਖੇਡ ‘ਚ ਮਾਸੂਮ ਨਿਗਲ ਗਿਆ ਕੀਟਨਾਸ਼ਕ ਦਵਾਈ, ਜਾਣੋ ਕਿਵੇਂ ਵਾਪਰਿਆ ਦਰਦਨਾਕ ਹਾਦਸਾ

ਅੰਬ 26 ਨਵੰਬਰ। ਅੰਬ ਅਧੀਨ ਪੈਂਦੇ ਪਿੰਡ ਸਤੋਥਰ ਵਿਖੇ ਦਿਲ ਦਹਿਲਾ ਦੇਣ

ਵਾਲੀ ਘਟਨਾ ‘ਚ 2 ਸਾਲਾ ਮਾਸੂਮ ਦੀ ਮੌਤ ਹੋ ਗਈ। ਖੇਤ ‘ਚ ਖੇਡਦੇ ਸਮੇਂ ਬੱਚੇ ਨੇ ਕੀਟਨਾਸਕ ਸਪਰੇਅ ਦੀ ਬੋਤਲ ਆਪਣੇ ਮੂੰਹ ‘ਚ ਪਾ ਦਿੱਤੀ, ਜਿਸ ਕਾਰਨ ਉਸ ਦੇ ਸਰੀਰ ‘ਚ ਕੁਝ ਕੀਟਨਾਸਕ ਚਲਾ ਗਿਆ ਅਤੇ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਾਰਤਿਕ (2) ਪੁੱਤਰ ਸ?ਵਪਾਲ ਵਾਸੀ ਹਰਦੋਈ (ਯੂ.ਪੀ.) ਵਜੋਂ ਹੋਈ ਹੈ। ਸੂਚਨਾ ਮਿਲਣ ਤੋਂ ਬਾਅਦ ਅੰਬ ਪੁਲਸ ਨੇ ਕਾਰਵਾਈ ਸੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਇਹ ਹਾਦਸਾ ਬੁੱਧਵਾਰ ਸਵੇਰੇ ਗ੍ਰਾਮ ਪੰਚਾਇਤ ਸਟੋਥਰ ਦੇ ਵਾਰਡ ਨੰਬਰ 4 ਰਾਏ ਮੁਹੱਲੇ ‘ਚ ਉਸ ਸਮੇਂ ਵਾਪਰਿਆ ਜਦੋਂ ਬੱਚਾ ਆਪਣੇ ਪਰਿਵਾਰ ਨਾਲ ਖੇਤਾਂ ‘ਚ ਗਿਆ ਹੋਇਆ ਸੀ। ਦੱਸਿਆ ਜਾ ਰਿਹਾ ਹੈ ਕਿ ਬੱਚੇ ਦੇ ਮਾਤਾ-ਪਿਤਾ ਭੈਰਾ ‘ਚ ਰਹਿੰਦੇ ਹਨ। ਸਵੇਰੇ ਉਹ ਬੱਚੇ ਨੂੰ ਨਾਲ ਲੈ ਕੇ ਦਿਹਾੜੀਦਾਰ ਮਜਦੂਰ ਵਜੋਂ ਪਿੰਡ ਗਿਆ ਸੀ। ਉਹ ਖੇਤਾਂ ‘ਚ ਆਲੂਆਂ ਦੀ ਕਟਾਈ ‘ਚ ਰੁੱਝੇ ਹੋਏ ਸਨ ਤੇ ਖੇਡਦੇ ਸਮੇਂ ਬੱਚਾ ਖੇਤਾਂ ‘ਚ ਪਈ ਕੀਟਨਾਸਕ ਸਪਰੇਅ ਦੀ ਬੋਤਲ ਦੇ ਸੰਪਰਕ ‘ਚ ਆ ਗਿਆ। ਅਣਜਾਣੇ ਵਿੱਚ ਉਸ ਨੇ ਬੋਤਲ ਆਪਣੇ ਮੂੰਹ ਵਿੱਚ ਰੱਖ ਲਈ। ਬੱਚੇ ਦੀ ਹਾਲਤ ਵਿਗੜਨ ‘ਤੇ ਪਰਿਵਾਰ ਵਾਲੇ ਉਸ ਨੂੰ ਪੀਐੱਚਸੀ ਧੁੱਸਾਡਾ ਲੈ ਗਏ, ਜਿੱਥੇ ਇਲਾਜ ਦੌਰਾਨ ਬੱਚੇ ਦੀ ਮੌਤ ਹੋ ਗਈ। ਦੂਜੇ ਪਾਸੇ ਮਾਸੂਮ ਦੀ ਮੌਤ ਕਾਰਨ ਪਰਿਵਾਰਕ ਮੈਂਬਰਾਂ ‘ਚ ਮਾਤਮ ਛਾ ਗਿਆ ਹੈ ਅਤੇ ਰੋਣਾ ਰੋ ਰਿਹਾ ਹੈ। ਪਿੰਡ ਵਾਸੀਆਂ ਨੇ ਇਸ ਨੂੰ ਮੰਦਭਾਗੀ ਘਟਨਾ ਦੱਸਦਿਆਂ ਖੇਤਾਂ ‘ਚ ਅਜਿਹੇ ਖਤਰਨਾਕ ਕੀਟਨਾਸਕਾਂ ਨੂੰ ਬੱਚਿਆਂ ਦੀ ਪਹੁੰਚ ਤੋਂ ਦੂਰ ਰੱਖਣ ਦੀ ਅਪੀਲ ਕੀਤੀ। ਥਾਣਾ ਇੰਚਾਰਜ ਅੰਬ ਗੌਰਵ ਭਾਰਦਵਾਜ ਦਾ ਕਹਿਣਾ ਹੈ ਕਿ ਪੁਲਸ ਨੇ ਪੋਸਟਮਾਰਟਮ ਕਰਵਾ ਕੇ ਲਾਸ ਵਾਰਿਸਾਂ ਨੂੰ ਸੌਂਪ ਦਿੱਤੀ ਹੈ ਤੇ ਮਾਮਲਾ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ।

ਗੈਰ-ਕਾਨੂੰਨੀ ਤਰੀਕੇ ਨਾਲ ਰੇਤਾ ਦੀ ਨਿਕਾਸੀ ਕਰਨ ਦੇ ਦੋਸ਼ ‘ਚ 5 ਖਿ?ਲਾਫ ਮਾਮਲਾ ਦਰਜ

ਜੀਰਾ 26 ਨਵੰਬਰ। ਪਿੰਡ ਲਾਲੂ ਵਾਲਾ ਦੇ ਇਲਾਕੇ ‘ਚ ਗੈਰ-ਕਾਨੂੰਨੀ ਤਰੀਕੇ ਨਾਲ ਰੇਤਾ ਦੀ ਨਿਕਾਸੀ ਕਰਨ ਦੇ ਦੋਸ਼ ਹੇਠ ਥਾਣਾ ਮਖੂ ਦੀ ਪੁਲਸ ਨੇ 5 ਵਿਅਕਤੀਆਂ ਦੇ ਖਿ?ਲਾਫ ਮਾਮਲਾ ਦਰਜ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦੇ ਸਬ ਇੰਸਪੈਕਟਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਜਲ ਨਿਕਾਸ ਕਮ ਮਾਈਨਿੰਗ ਉਪ ਮੰਡਲ ਅਫਸਰ ਮੱਖੂ ਗੁਰਜੰਟ ਸਿੰਘ ਵੱਲੋਂ ਸ਼ਿਕਾਇਤ ਭੇਜੀ ਗਈ ਸੀ। ਉਨ੍ਹਾਂ ਸ਼ਿਕਾਇਤ ‘ਚ ਕਿਹਾ ਸੀ ਕਿ ਜਰਨੈਲ ਸਿੰਘ, ਹਰਜੰਟ ਸਿੰਘ ਉਰਫ ਬੁਲਟ, ਗੁਰਜੰਟ ਸਿੰਘ ਉਰਫ ਜੰਟ, ਗਗਨਦੀਪ ਸਿੰਘ, ਤਰਸੇਮ ਸਿੰਘ 10 ਸਾਲਾਂ ਤੋਂ ਨਾਜਾਇਜ ਮਾਈਨਿੰਗ ਕਰ ਰਹੇ ਹਨ ਤੇ ਸੜਕ ਖਰਾਬ ਕਰ ਰਹੇ ਹਨ। ਇਸ ਸਬੰਧੀ ਉਨ੍ਹਾਂ ਵੱਲੋਂ ਮੌਕਾ ਦੇਖਿਆ ਗਿਆ ਸੀ। ਇਸ ‘ਤੇ ਪੁਲਸ ਵੱਲੋਂ ਐੱਸ. ਡੀ. ਓ. ਗੁਰਜੰਟ ਸਿੰਘ ਦੀ ਸ਼ਿਕਾਇਤ ’ਤੇ ਨਾਮਜ਼ਦ ਲੋਕਾਂ ਖਿ?ਲਾਫ ਮਾਈਨਿੰਗ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਨਾਮਜ਼ਦ ਲੋਕਾਂ ਖਿ?ਲਾਫ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਜਮੀਨ ਦਾ ਸੌਦਾ ਕਰ ਕੇ ਮਾਰੀ 50 ਲੱਖ ਦੀ ਠੱਗੀ

ਲੁਧਿਆਣਾ 26 ਨਵੰਬਰ। ਥਾਣਾ ਡੇਹਲੋਂ ਦੀ ਪੁਲਸ ਨੇ ਸਾਜ?ਸ਼ ਤਹਿਤ ਜਮੀਨ ਦਾ ਸੌਦਾ ਕਰ ਕੇ 50 ਲੱਖ ਰੁਪਏ ਦੀ ਧੋਖਾਧੜੀ ਕਰਨ ਵਾਲੇ ਚਾਰ ਮੁਲਜਮਾਂ ਦੇ ਖਿ?ਲਾਫ ਕੇਸ ਦਰਜ ਕਰ ਲਿਆ ਹੈ। ਪੁਲਸ ਵੱਲੋਂ ਸ਼ਿਕਾਇਤ ਦੇ ਅਧਾਰ ‘ਤੇ ਕਾਰਵਾਈ ਕਰਦਿਆਂ ਸੁਖਦੇਵ ਸਿੰਘ, ਰਾਜਾ, ਬਲਵੀਰ ਸਿੰਘ ਅਤੇ ਨਰਿੰਦਰ ਸਿੰਘ ਖਿ?ਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਮੁਲਜਮਾਂ ਦੀ ਭਾਲ ਕੀਤੀ ਜਾ ਰਹੀ ਹੈ।

ਕਾਰ ਖਰੀਦਣ ਦਾ ਸੁਨਹਿਰੀ ਮੌਕਾ, ਇਨ੍ਹਾਂ ਕਾਰਾਂ ‘ਤੇ ਮਿਲ ਰਹੀ ਹੈ 2 ਲੱਖ ਤੱਕ ਦੀ ਛੋਟ

ਨਵੀਂ ਦਿੱਲੀ 26 ਨਵੰਬਰ। ਤਿਉਹਾਰ ਭਾਵੇਂ ਖਤਮ ਹੋ ਗਏ ਹੋਣ ਪਰ ਕਾਰ ਕੰਪਨੀਆਂ ਦੇ ਆਫਰ ਅਜੇ ਵੀ ਜਾਰੀ ਹਨ। ਜੇਕਰ ਤੁਸੀਂ ਨਵੀਂ ਕਾਰ ਖਰੀਦਣ ਬਾਰੇ ਸੋਚ ਰਹੇ ਹੋ, ਤਾਂ ਇਹ ਸਹੀ ਸਮਾਂ ਹੋ ਸਕਦਾ ਹੈ। ਕੰਪਨੀਆਂ ਸਾਲ ਦੇ ਅੰਤ ਤੱਕ ਪੁਰਾਣੇ ਸਟਾਕ ਨੂੰ ਕਲੀਅਰ ਕਰਨ ਲਈ ਭਾਰੀ ਛੋਟ ਅਤੇ ਆਫਰ ਦੇ ਰਹੀਆਂ ਹਨ। ਇੰਡਸਟਰੀ ਦੇ ਅੰਕੜਿਆਂ ਮੁਤਾਬਕ ਨਵੰਬਰ ਮਹੀਨੇ ‘ਚ ਕਰੀਬ 3,25,000 ਤੋਂ 3,30,000 ਯਾਤਰੀ ਕਾਰਾਂ ਡੀਲਰਾਂ ਨੂੰ ਭੇਜੀਆਂ ਗਈਆਂ ਹਨ। ਹਾਲਾਂਕਿ, ਵਾਹਨ ਪਲੇਟਫਾਰਮ ‘ਤੇ ਉਪਲਬਧ ਅੰਕੜਿਆਂ ਅਨੁਸਾਰ, ਨਵੰਬਰ ਦੇ ਪਹਿਲੇ 20 ਦਿਨਾਂ ਵਿੱਚ ਸਿਰਫ 1,75,660 ਵਾਹਨਾਂ ਦੀ ਪ੍ਰਚੂਨ ਵਿਕਰੀ ਹੋਈ ਹੈ, ਜਿਸਦਾ ਮਤਲਬ ਹੈ ਕਿ ਡੀਲਰਾਂ ਕੋਲ ਅਜੇ ਵੀ ਬਹੁਤ ਵੱਡਾ ਸਟਾਕ ਬਚਿਆ ਹੈ। ਫੈਡਰੇਸ਼ਨ ਆਫ ਆਟੋ ਡੀਲਰਜ ਐਸੋਸੀਏਸ਼ਨ ਯਾਨੀ ਦਾ ਕਹਿਣਾ ਹੈ ਕਿ ਡੀਲਰਾਂ ਕੋਲ 75-80 ਦਿਨਾਂ ਦਾ ਇਨਵੈਂਟਰੀ ਸਟਾਕ ਪਿਆ

ਹੈ, ਜਿਸ ਦੀ ਕੀਮਤ ਲਗਭਗ 75,000 ਕਰੋੜ ਰੁਪਏ ਹੈ। ਇਹੀ ਕਾਰਨ ਹੈ ਕਿ ਕੰਪਨੀਆਂ ਹੁਣ ਨਵੇਂ ਆਫਰ ਲੈ ਕੇ ਆ ਰਹੀਆਂ ਹਨ ਤਾਂ ਜੋ ਇਸ ਸਟਾਕ ਨੂੰ ਜਲਦੀ ਤੋਂ ਜਲਦੀ ਕਲੀਅਰ ਕੀਤਾ ਜਾ ਸਕੇ। ਐਸਐੱਡਪੀ ਗਲੋਬਲ ਮੋਬਿਲਿਟੀ ਦੇ ਪੁਨੀਤ ਗੁਪਤਾ ਨੇ ਕਿਹਾ, “ਪੁਰਾਣੇ ਸਟਾਕ ਨੂੰ ਕਲੀਅਰ ਕਰਨ ਲਈ ਸਾਲ ਦੇ ਅੰਤ ਵਿੱਚ ਛੋਟਾਂ ਦੀ ਪੇਸਕਸ ਕਰਨਾ ਇੱਕ ਸਾਂਝੀ ਰਣਨੀਤੀ ਹੈ। ਹਾਲਾਂਕਿ ਇਸ ਵਾਰ ਡੀਲਰਾਂ ਕੋਲ 65-70 ਦਿਨਾਂ ਦਾ ਕਾਫੀ ਸਟਾਕ ਬਚਿਆ ਹੈ। ਇਸ ਕਾਰਨ ਕਾਰ ਕੰਪਨੀਆਂ ਨੇ ਹਮਲਾਵਰ ਢੰਗ ਨਾਲ ਡਿਸਕਾਊਂਟ ਦੇਣ ਅਤੇ ਕੀਮਤਾਂ ‘ਚ ਕਟੌਤੀ ਕਰਨ ਦਾ ਫੈਸਲਾ ਕੀਤਾ ਹੈ। ਇਹ ਸਮਾਂ ਤੁਹਾਡੇ ਲਈ ਨਵੀਂ ਕਾਰ ਖਰੀਦਣ ਦਾ ਵਧੀਆ ਮੌਕਾ ਹੋ ਸਕਦਾ ਹੈ।

ਪਰਾਲੀ ਨੂੰ ਅੱਗ ਲਗਾਉਣ ਵਾਲੇ ਅਣਪਛਾਤੇ ਵਿਅਕਤੀਆਂ ਖਿਲਾਫ ਪਰਚਾ ਦਰਜ

ਜਲਾਲਾਬਾਦ 26 ਨਵੰਬਰ। ਥਾਣਾ ਅਮੀਰ ਖਾਸ ਦੀ ਪੁਲਸ ਵੱਲੋਂ ਪਿੰਡ ਚੱਕ ਜਮਾਲਗੜ੍ਹ ਅਤੇ ਪੀਰ ਬਖਸ਼ ਚੌਹਾਨ ਵਿਖੇ ਖੇਤਾਂ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੇ ਦੋਸ਼ ਵਿਚ ਅਣਪਛਾਤੇ ਵਿਅਕਤੀਆਂ ਦੇ ਖਿ?ਲਾਫ ਪਰਚਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸਵਰਨ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਚੱਕ ਜਮਾਲਗੜ੍ਹ ਤੋਂ ਥੋੜ੍ਹਾ ਪਿੱਛੇ ਪਹੁੰਚੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਪਿੰਡ ਜਮਾਲਗੜ੍ਹ ਦੇ ਏਰੀਏ ਦੇ ਖੇਤਾਂ ਵਿਚ ਅਣਪਛਾਤੇ ਵਿਅਕਤੀਆਂ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਗਈ ਹੈ। ਇਸ ਤਰ੍ਹਾਂ ਹੀ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਪੀਰ ਬਖਸ਼ ਚੌਹਾਨ ਵਿਖੇ ਪਹੁੰਚੇ ਤਾਂ ਮੁਖਬਰ ਖਾਸ ਤੋਂ ਇਤਲਾਹ ਮਿਲੀ ਸੀ ਕਿ ਅਣਪਛਾਤੇ ਵਿਅਕਤੀਆਂ ਵੱਲੋਂ ਇੱਥੇ ਖੇਤਾਂ ਵਿਚ ਪਰਾਲੀ ਨੂੰ ਅੱਗ ਲਗਾਈ ਗਈ ਹੈ, ਜਿਸ ‘ਤੇ ਥਾਣਾ ਅਮੀਰ ਖਾਸ ਵਿਖੇ 2 ਵੱਖ-ਵੱਖ ਮੁਕੱਦਮਿਆ ਵਿਚ ਅਣਪਛਾਤੇ ਵਿਅਕਤੀਆਂ ਦੇ ਖਿ?ਲਾਫ ਦਰਜ ਕੀਤਾ ਗਿਆ ਹੈ।

ਏਜੀਟੀਐੱਫ ਦੀ ਵੱਡੀ ਕਾਰਵਾਈ: ਲੋੜੀਂਦਾ ਬਦਮਾਸ਼ ਗ੍ਰਿਫ਼ਤਾਰ, 25 ਹਜਾਰ ਦਾ ਰੱਖਿਆ ਸੀ ਇਨਾਮ

ਜੈਪੁਰ 26 ਨਵੰਬਰ। ਰਾਜਸਥਾਨ ‘ਚ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਦੀ ਟੀਮ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਹਥਿਆਰਾਂ ਦੀ ਨੋਕ ‘ਤੇ ਲੁੱਟਾਂ-ਖੋਹਾਂ

ਖੇਤੀਬਾੜੀ ਵਿਭਾਗ ਵੱਲੋਂ ਕਣਕ 'ਚ ਨਦੀਨਾਂ ਦੀ ਰੋਕਥਾਮ ਲਈ ਕਿਸਾਨਾਂ ਨੂੰ ਕੀਤਾ ਰਿਹੈ ਜਾਗਰੂਕ

ਬਿਜਾਈ ਸਮੇਂ, ਸਿੰਚਾਈ ਤੋਂ ਪਹਿਲਾਂ ਤੇ ਬਾਅਦ ਨਦੀਨ ਨਾਸ਼ਕਾਂ ਦੀ ਵਰਤੋਂ ਮਾਹਰਾਂ ਦੀ ਰਾਏ ਅਨੁਸਾਰ ਕੀਤੀ ਜਾਵੇ : ਮੁੱਖ ਖੇਤੀਬਾੜੀ ਅਫ਼ਸਰ

ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਕਿਸਾਨਾਂ ਨੂੰ ਨਦੀਨ ਨਾਸ਼ਕਾਂ ਸਬੰਧੀ ਜਾਣਕਾਰੀ ਦਿੰਦੇ ਹੋਏ।

ਪਟਿਆਲਾ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨਾਂ ਨੂੰ ਕਣਕ 'ਚ ਨਦੀਨਾਂ ਦੀ ਰੋਕਥਾਮ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਸਬੰਧੀ ਜਾਗਰੂਕ ਕਰਨ ਲਈ ਪਿੰਡ ਪੱਧਰ 'ਤੇ ਨੁੱਕੜ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਬਲਾਕ ਪੱਧਰ 'ਤੇ ਖੇਤੀ ਮਾਹਰਾਂ ਵੱਲੋਂ ਕਿਸਾਨਾਂ ਨੂੰ ਬਿਜਾਈ ਸਮੇਂ, ਸਿੰਚਾਈ ਤੋਂ ਪਹਿਲਾਂ ਤੇ ਸਿੰਚਾਈ ਤੋਂ ਬਾਅਦ ਨਦੀਨਾਂ ਦੀ ਰੋਕਥਾਮ ਸਬੰਧੀ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਸਬੰਧੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਕਣਕ 'ਚ ਨਦੀਨਾਂ ਦੀ ਰੋਕਥਾਮ ਲਈ ਦੋ ਗੋਡੀਆਂ, ਪਹਿਲੀ ਗੋਡੀ ਕਣਕ ਨੂੰ ਪਹਿਲਾਂ ਪਾਣੀ ਲਾਉਣ ਤੋਂ ਪਹਿਲਾਂ ਅਤੇ ਦੂਜੀ ਗੋਡੀ ਖੇਤ ਵਿੱਚ ਵੱਤਰ ਆਉਣ 'ਤੇ ਕੀਤੀ ਜਾਵੇ। ਇਸ ਤੋਂ ਇਲਾਵਾ ਬਿਜਾਈ ਸਮੇਂ (ਨਦੀਨ ਉੱਗਣ ਤੋਂ ਪਹਿਲਾਂ) ਨਦੀਨ ਨਾਸ਼ਕਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ, ਇਸ ਲਈ ਸਟੌਂਪ, ਦੋਸਤ, ਮਾਰਕਪੈਂਡੀ, ਪੈਂਡਾ, ਪੈਂਡਿਨ, ਬੰਕਰ, ਜ਼ਾਕੀਯਾਮਾਂ 30 ਈ ਸੀ ਦੀ ਵਰਤੋਂ ਪ੍ਰਤੀ ਏਕੜ 1.5 ਲੀਟਰ ਕੀਤੀ ਜਾ ਸਕਦੀ ਹੈ। ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਪਹਿਲੀ ਸਿੰਚਾਈ ਤੋਂ ਪਹਿਲਾਂ (ਨਦੀਨ ਉੱਗਣ ਤੋਂ ਬਾਅਦ) ਐਰੀਲੋਨ, ਡੈਲਰੋਨ, ਹਿਲਪਰੋਟਯੂਰਾਨ, ਰੋਨਕ, ਵੰਡਰ ਆਦਿ ਦੀ ਜਮੀਨ ਦੀ ਕਿਸਮ ਅਨੁਸਾਰ 300 ਗ੍ਰਾਮ ਤੋਂ 500 ਗ੍ਰਾਮ ਵਰਤੋਂ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਪਹਿਲੀ ਸਿੰਚਾਈ ਤੋਂ ਬਾਅਦ (ਨਦੀਨ ਉੱਗਣ ਤੋਂ ਬਾਅਦ) ਆਈਸੋਪ੍ਰੋਟਯੂਰਾਨ 75 ਡਬਲਯੂ ਪੀ ਦੀ 500 ਗ੍ਰਾਮ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਡਾ. ਜਸਵਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਫ਼ਸਲ ਵਿੱਚ ਖਾਦਾਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਮਾਹਰਾਂ ਦੀ ਰਾਏ ਅਨੁਸਾਰ ਹੀ ਕੀਤੀ ਜਾਵੇ ਤਾਂ ਕਿ ਕਿਸਾਨਾਂ ਦਾ ਆਰਥਿਕ ਨੁਕਸਾਨ ਵੀ ਨਾ ਹੋਵੇ ਅਤੇ ਫ਼ਸਲ ਦੇ ਗੁਣਵੱਤਾ 'ਤੇ ਵੀ ਕੋਈ ਮਾੜਾ ਅਸਰ ਨਾ ਹੋਵੇ। ਉਨ੍ਹਾਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ ਨਦੀਨਾਂ ਦੇ ਹਮਲੇ ਦਾ ਕੋਈ ਮਾਮਲਾ ਨਹੀਂ ਹੈ ਪਰ ਮਾਹਰਾਂ ਵੱਲੋਂ ਇਹਤਿਆਤ ਦੇ ਤੌਰ 'ਤੇ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਪਟਿਆਲਾ ਜ਼ਿਲ੍ਹੇ 'ਚ ਵੋਟਰਾਂ ਦੀ ਸਹੂਲਤ ਲਈ ਲਗਾਏ ਗਏ ਬੂਥ ਲੈਵਲ ਕੈਂਪ ਅੱਜ ਵੀ ਲਗਾਏ ਜਾਣਗੇ ਵਿਸ਼ੇਸ਼ ਬੂਥ ਲੈਵਲ ਕੈਂਪ : ਜ਼ਿਲ੍ਹਾ ਚੋਣ ਅਫ਼ਸਰ

ਪਟਿਆਲਾ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ -ਕਮ- ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਵਿੱਚ ਜ਼ਿਲ੍ਹਾ ਪਟਿਆਲਾ ਦੇ ਅੱਠ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਅੱਜ ਬੂਥ ਲੈਵਲ ਅਫ਼ਸਰਾਂ ਵੱਲੋਂ ਪੋਲਿੰਗ ਸਟੇਸ਼ਨਾਂ 'ਤੇ ਵਿਸ਼ੇਸ਼ ਕੈਂਪ ਲਗਾਏ ਗਏ, ਜਿਸ ਦਾ ਵੱਡੀ ਗਿਣਤੀ ਵੋਟਰਾਂ ਨੇ ਲਾਭ ਉਠਾਇਆ। ਜ਼ਿਕਰਯੋਗ ਹੈ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸ਼ੈਡਿਊਲ ਅਨੁਸਾਰ ਯੋਗਤਾ ਮਿਤੀ 1 ਜਨਵਰੀ 2025 ਦੇ ਆਧਾਰ ਤੇ ਫ਼ੋਟੋ ਵੋਟਰ ਸੂਚੀਆਂ ਦੀ ਸੁਧਾਈ ਕਰਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਇਹ ਕੰਮ ਮਿਤੀ 28 ਨਵੰਬਰ 2024 ਦੌਰਾਨ ਕੀਤਾ ਜਾਣਾ ਹੈ।

ਬੂਥ ਲੈਵਲ ਕੈਂਪਾਂ ਸਬੰਧੀ ਜਾਣਕਾਰੀ ਦਿੰਦਿਆਂ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸ਼ੈਡਿਊਲ ਅਨੁਸਾਰ ਵਿਧਾਨ ਸਭਾ ਚੋਣ ਹਲਕਿਆਂ ਵਿੱਚ ਨਿਯੁਕਤ ਕੀਤੇ ਗਏ ਬੂਥ ਲੈਵਲ ਅਫ਼ਸਰਾਂ ਵੱਲੋਂ ਅੱਜ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਆਪਣੇ ਨਿਰਧਾਰਤ ਪੋਲਿੰਗ ਸਟੇਸ਼ਨ 'ਤੇ ਕੈਂਪ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ 24 ਨਵੰਬਰ (ਦਿਨ ਐਤਵਾਰ) ਨੂੰ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 5.00 ਵਜੇ ਤੱਕ ਇਹ ਕੈਂਪ ਲਗਾਏ ਜਾਣਗੇ।

ਉਨ੍ਹਾਂ ਕਿਹਾ ਕਿ ਕੋਈ ਵੀ ਯੋਗ ਵਿਅਕਤੀ ਜਿਸ ਦੀ ਉਮਰ 01 ਜਨਵਰੀ 2025 ਨੂੰ 18 ਸਾਲ ਪੂਰੀ ਹੋ ਜਾਂਦੀ ਹੈ ਅਤੇ ਉਸ ਦਾ ਨਾਮ ਭਾਰਤ ਦੇਸ਼ ਦੇ ਕਿਸੇ ਵੀ ਚੋਣ ਹਲਕੇ ਦੀ ਵੋਟਰ ਸੂਚੀ ਵਿੱਚ ਸ਼ਾਮਲ ਨਹੀਂ ਹੈ, ਤਾਂ ਉਹ ਆਪਣਾ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਕਰਵਾਉਣ ਲਈ ਫਾਰਮ ਨੰਬਰ 6 ਭਰ ਕੇ ਬਤੌਰ ਵੋਟਰ ਰਜਿਸਟਰ ਹੋ ਸਕਦਾ ਹੈ।

ਇਸ ਤੋਂ ਇਲਾਵਾ ਜੇਕਰ ਕੋਈ ਵਿਅਕਤੀ ਬਤੌਰ ਐਨ.ਆਰ.ਆਈ. ਵੋਟਰ ਰਜਿਸਟਰ ਹੋਣਾ ਚਾਹੁੰਦਾ ਹੈ ਤਾਂ ਉਸ ਵੱਲੋਂ ਫਾਰਮ ਨੰ: 6- ਏ, ਕਿਸੇ ਵਿਅਕਤੀ ਦੀ ਮੌਤ ਹੋ ਗਈ ਹੈ, ਤਾਂ ਉਸ ਦੀ ਵੋਟ ਕਟਵਾਉਣ ਲਈ ਫਾਰਮ ਨੰਬਰ 7, ਵੋਟਰ ਸੂਚੀ ਜਾਂ ਵੋਟਰ ਸ਼ਨਾਖ਼ਤੀ ਕਾਰਡ ਵਿੱਚ ਦਰਜ ਵੇਰਵਿਆਂ ਦੀ ਦਰੁਸਤੀ ਅਤੇ ਇੱਕ ਪੋਲਿੰਗ ਏਰੀਏ ਤੋਂ ਦੂਜੇ ਪੋਲਿੰਗ ਏਰੀਏ ਵਿੱਚ ਸ਼ਿਫ਼ਟ ਕਰਕੇ ਨਵੇਂ ਪੋਲਿੰਗ ਏਰੀਏ ਵਿੱਚ ਆਪਣਾ ਨਾਮ ਰਜਿਸਟਰ ਕਰਵਾਉਣ ਅਤੇ ਆਪਣਾ ਡੁਪਲੀਕੇਟ ਵੋਟਰ ਸ਼ਨਾਖ਼ਤੀ ਕਾਰਡ ਬਣਵਾਉਣ ਲਈ ਫਾਰਮ ਨੰਬਰ 8 ਭਰ ਕੇ ਸਬੰਧਤ ਪੋਲਿੰਗ ਸਟੇਸ਼ਨ ਦੇ ਬੂਥ ਲੈਵਲ ਅਫ਼ਸਰ, ਸਬੰਧਤ ਚੋਣਕਾਰ / ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਜਾਂ ਜ਼ਿਲ੍ਹਾ ਚੋਣ ਦਫ਼ਤਰ ਵਿੱਚ ਜਮ੍ਹਾ ਕਰਵਾਏ ਜਾ ਸਕਦੇ ਹਨ।

ਉਕਤ ਤੋਂ ਇਲਾਵਾ ਭਾਰਤ ਚੋਣ ਕਮਿਸ਼ਨ ਵੱਲੋਂ ਮੌਜੂਦਾ ਵੋਟਰ ਸੂਚੀਆਂ ਨੂੰ ਸ਼ੁੱਧ ਅਤੇ ਤਰੁੱਟੀ ਰਹਿਤ ਵੋਟਰ ਸੂਚੀਆਂ ਤਿਆਰ ਕਰਨ ਦੇ ਮੰਤਵ ਨੂੰ ਪੂਰਾ ਕਰਨ ਲਈ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦਾ ਕੰਮ ਵੀ ਵਿਸ਼ੇਸ਼ ਤੌਰ ਤੇ ਕੀਤਾ ਜਾ ਰਿਹਾ ਹੈ। ਇਸ ਮੰਤਵ ਨੂੰ ਪੂਰਾ ਕਰਨ ਲਈ ਚੋਣ ਹਲਕੇ ਦੇ ਬੂਥ ਲੈਵਲ ਅਫ਼ਸਰਾਂ ਵੱਲੋਂ ਵੋਟਰਾਂ ਪਾਸੋਂ ਫਾਰਮ ਨੰ: 6-ਬੀ ਭਰ ਕੇ ਪ੍ਰਾਪਤ ਕੀਤੇ ਜਾ ਰਹੇ ਹਨ।

ਸੜਕ ਸੁਰੱਖਿਆ ਫੋਰਸ ਦੀ ਟੀਮ ਵੱਲੋ ਬੈਨਰ ਲਗਾ ਕੇ ਸਰਕਾਰੀ ਮੋਬਾਇਲ ਨੰਬਰ ਕੀਤਾ ਜਾਰੀ

ਘੱਗਾ, 23 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੜਕ ਸੁਰੱਖਿਆ ਫੋਰਸ ਦੀ ਪਟਿਆਲਾ ਰੇਂਜ ਦੇ ਰੂਟ ਨੰਬਰ 53108 (ਮਵੀ ਕਲਾਂ ਤੋਂ ਖਾਨੇਵਾਲ) ਦੇ ਕਰਮਚਾਰੀਆਂ ਦੁਆਰਾ ਲੋਕਾਂ ਨੂੰ ਸੜਕ ਸੁਰੱਖਿਆ ਬਾਰੇ ਜਾਣੂੰ ਕਰਵਾਉਣ ਲਈ 60 ਦੇ ਕਰੀਬ ਬੈਨਰ ਬਣਵਾਏ ਗਏ ਅਤੇ ਸਰਕਾਰੀ ਨੰਬਰ 9814953108 ਜਾਰੀ ਕੀਤਾ ਗਿਆ। ਇਹਨਾ ਬੈਨਰਾਂ ਨੂੰ ਸਥਾਨਕ ਲੋਕਾਂ ਦੀ ਮੱਦਦ ਨਾਲ ਐਕਸੀਡੈਂਟ ਹੌਟਸਪੌਟ ਏਰੀਆ, ਸਕੂਲਾਂ-ਕਾਲਜਾਂ, ਪੈਟਰੋਲ ਪੰਪਾਂ, ਚੁਰਸਤਿਆਂ ਅਤੇ ਖਤਰਨਾਕ ਮੋੜਾਂ ਆਦਿ ਉੱਤੇ ਲਗਾਇਆ ਗਿਆ ਅਤੇ ਲੋਕਾਂ ਨੂੰ ਸੜਕ ਸੁਰੱਖਿਆ ਫੋਰਸ ਬਾਰੇ ਜਾਣੂੰ ਕਰਵਾਇਆ ਗਿਆ ਤਾ ਜੋ ਆਮ ਜਨਤਾ ਨੂੰ ਇਸ ਫੋਰਸ ਦਾ ਵੱਧ ਤੋ ਵੱਧ ਲਾਭ ਮਿਲ ਸਕੇ। ਇਸ ਮੌਕੇ ਐਸ ਐਸ ਐਫ ਰੇਜ ਪਟਿਆਲਾ ਮੁੱਖੀ ਇੰਸਪੈਕਟਰ ਰਾਮਕੇਸ਼ ਨੇ ਦੱਸਿਆ ਕਿ ਉਹਨਾਂ ਦੀ ਕੋਸ਼ਿਸ ਹੈ ਕਿ ਜਿਸ ਮੰਤਵ ਨਾਲ ਪੰਜਾਬ ਸਰਕਾਰ ਦੁਆਰਾ ਸੜਕ ਸੁਰੱਖਿਆ ਫੋਰਸ ਦੀ ਸੁਰੂਆਤ ਕੀਤੀ ਗਈ ਹੈ,ਉਹ ਮੰਤਵ ਪੂਰਾ ਹੋ ਸਕੇ ਅਤੇ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਉਹਨਾਂ ਕਿਹਾ ਕਿ ਤੁਸੀ ਇਸ ਨੰਬਰ ਤੇ ਫੋਨ ਕਰਕੇ ਸਿੱਧਾ ਰੂਟ ਨੰਬਰ 53108 ਨੂੰ ਸੂਚਨਾ ਦੇ ਸਕਦੇ ਹੋ ਤਾ ਜੋ ਜਲਦੀ ਤੋ ਜਲਦੀ ਬਣਦੀ ਸਹਾਇਤਾ ਕੀਤੀ ਜਾ ਸਕੇ। ਰੂਟ ਇੰਚਾਰਜ ਏ ਐਸ ਆਈ ਚਰਨਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀ ਉਹਨਾ ਦੁਆਰਾ ਅਵਾਰਾ ਪਸ਼ੂਆ ਦੇ ਗਲਾਂ ਵਿਚ ਰਿਫਲੈਕਟਰ ਵੀ ਪਾਏ ਗਏ ਸਨ ਤਾ ਜੋ ਐਕਸੀਡੈਂਟਾਂ ਦੀ ਗਿਣਤੀ ਨੂੰ ਘਟਾਇਆ ਜਾ ਸਕੇ।ਇਸ ਮੌਕੇ ਸਾਰੇ ਹੀ ਕਰਮਚਾਰੀਆਂ ਵੱਲੋ ਸੜਕ ਸੁਰੱਖਿਆ ਫੋਰਸ ਦੇ ਐਸ ਐਸ ਪੀ ਵਰੁਣ ਸ਼ਰਮਾ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ।

ਕਾਂਗਰਸ ਦੇ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ 'ਆਪ' ਦੇ ਹਰਿੰਦਰ ਸਿੰਘ ਧਾਲੀਵਾਲ ਨੂੰ 2147 ਵੋਟਾਂ ਨਾਲ ਹਰਾ ਕੇ ਪ੍ਰਾਪਤ ਕੀਤੀ ਜਿੱਤ

ਬਰਨਾਲਾ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਰਨਾਲਾ ਵਿਧਾਨ ਸਭਾ ਜਿਮਨੀ ਚੋਣ ਵਿੱਚ ਕਾਂਗਰਸ ਦੇ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿਲੋਂ ਨੇ 2147 ਵੋਟਾਂ ਫਰਕ ਨਾਲ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ ਹੈ।

ਇਸ ਜਿਮਨੀ ਚੋਣ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿੱਲੋਂ ਨੂੰ 28226 ਵੋਟਾਂ ਪਈਆਂ,ਆਮ ਆਦਮੀ ਪਰਟੀ ਦੇ ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ ਨੂੰ 26079 ਵੋਟਾਂ, ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਨੂੰ 17937 ਵੋਟਾਂ, ਆਜ਼ਾਦ ਉਮੀਦਵਾਰ ਗੁਰਦੀਪ ਬਾਠ ਨੂੰ 16893 ਵੋਟਾਂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਉਮੀਦਵਾਰ ਗੋਵਿੰਦ ਸਿੰਘ ਮਾਨ ਨੂੰ 7896 ਵੋਟਾਂ ਪਈਆਂ ਹਨ। ਵਿਧਾਨ ਸਭਾ ਹਲਕਾ ਬਰਨਾਲਾ ਤੋਂ ਆਜਾਦ ਉਮੀਦਵਾਰ ਰਾਜੂ ਨੂੰ 367 ਵੋਟਾਂ, ਆਜਾਦ ਉਮੀਦਵਾਰ ਤਰਸੇਮ ਸਿੰਘ 366 ਵੋਟਾਂ, ਸ਼੍ਰੋਮਣੀ ਅਕਾਲੀ ਦਲ (ਫਤਿਹ) ਦੇ ਉਮੀਦਵਾਰ ਸੁਖਚੈਨ ਸਿੰਘ ਅਤਲਾ ਨੂੰ 343 ਵੋਟਾਂ, ਆਪਣੀ ਏਕਤਾ ਪਾਰਟੀ ਦੇ ਉਮੀਦਵਾਰ ਯਾਦਵਿੰਦਰ ਸਿੰਘ ਮਾਹੀ ਨੂੰ 298 ਵੋਟਾਂ, ਆਜਾਦ ਉਮੀਦਵਾਰ ਪੱਪੂ ਕੁਮਾਰ ਨੂੰ 290 ਵੋਟਾਂ, ਆਜਾਦ ਉਮੀਦਵਾਰ ਬੱਗਾ ਸਿੰਘ ਕਾਹਨਕੇ ਨੂੰ 253 ਵੋਟਾਂ, ਆਰ.ਐੱਸ.ਪੀ ਦੇ ਉਮੀਦਵਾਰ ਜੈ ਰਾਮ ਨੂੰ 194 ਵੋਟਾਂ, ਆਜਾਦ ਉਮੀਦਵਾਰ ਜਗਮੋਹਨ ਸਿੰਘ ਨੂੰ 124 ਵੋਟਾਂ, ਆਜਾਦ ਉਮੀਦਵਾਰ ਸਰਦੂਲ ਸਿੰਘ ਨੂੰ 74 ਵੋਟਾਂ ਅਤੇ ਨੋਟਾ ਨੂੰ 616 ਵੋਟਾਂ ਪਈਆਂ ਹਨ।

ਸ਼ਹੀਦ ਭਗਤ ਸਿੰਘ ਸਮਾਰਕ ਤੇ ਵਿਕਲਾਂਗ ਜਸਵਿੰਦਰ ਕੌਰ ਮੈਰਾ ਨੂੰ ਟਰਾਈ ਸਾਈਕਲ ਕੀਤਾ ਗਿਆ ਭੇਟ

ਗੜ੍ਹਸ਼ੰਕਰ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਸ਼ਹੀਦ ਭਗਤ ਸਿੰਘ ਸਮਾਰਕ ਗੜਸ਼ੰਕਰ ਵਿਖੇ ਰਾਜੂ ਬੁਦਰਜ ਵੈਲਫੇਅਰ ਸੁਸਾਇਟੀ ਯੂ ਕੇ ਐਂਡ ਸਾਧੋਵਾਲ ਪੰਜਾਬ ਵਲੋਂ ਵਿਕਲਾਂਗ ਜਸਵਿੰਦਰ ਕੌਰ ਮੈਰਾ ਨੂੰ ਟਰਾਈ ਸਾਈਕਲ ਪ੍ਰਿੰਸੀਪਲ ਬਿੱਕਰ ਸਿੰਘ, ਬੁਧੀਜੀਵੀ ਜਗਦੀਸ਼ ਰਾਏ ਵਲੋਂ ਭੇਟ ਕੀਤਾ ਗਿਆ।ਇਸ ਮੌਕੇ ਦਰਸ਼ਨ ਸਿੰਘ ਮੱਟੂ ਪ੍ਰਧਾਨ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਰਜਿ ਗੜਸ਼ੰਕਰ ਵਲੋਂ ਰਾਜੂ ਬੁਦਰਜ ਦਾ ਇਸ ਨੇਕ ਕਾਰਜ ਲਈ ਧੰਨਵਾਦ ਕੀਤਾ ਗਿਆ।

ਇਸ ਮੌਕੇ ਤੇ ਬੀਬੀ ਸੁਭਾਸ਼ ਮੱਟੂ, ਡਾਕਟਰ ਲਖਵਿੰਦਰ ਸਿੰਘ ਲੱਕੀ, ਹੈਪੀ ਸਾਧੋਵਾਲ,ਡਾਕਟਰ ਬਿੱਟੂ ਵਿਜ, ਅਮਰਜੀਤ ਸਿੰਘ ਕੁੱਲੇਵਾਲ, ਜੋਗਾ ਸਿੰਘ ਪੱਖੋਵਾਲ,ਪ੍ਰੀਤ ਪਾਰੋਵਾਲ ਆਦਿ ਹਾਜ਼ਰ ਸਨ।

ਗੁਰਤੇਜ ਸਿੰਘ ਨੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ

ਪਾਤੜਾਂ, 23 ਨਵੰਬਰ -ਰਮਨ ਜੋਸ਼ੀ -
-ਕੌਮੀ ਪੱਤ੍ਰਿਕਾ ਬਿਊਰੋ-

ਵਿਦਿਅਕ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਟਰੱਸਟ ਹਾਮਝੇੜੀ ਦੇ ਪ੍ਰਿੰਸੀਪਲ ਗੁਰਨਾਮ ਸਿੰਘ ਜੱਜ ਦੇ ਸੇਵਾ ਮੁਕਤ ਹੋ ਜਾਣ ਮਗਰੋਂ ਨਵੇਂ ਆਏ ਪ੍ਰਿੰਸੀਪਲ ਗੁਰਤੇਜ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਨਵ ਨਿਯੁਕਤ ਪ੍ਰਿੰਸੀਪਲ ਗੁਰਤੇਜ ਸਿੰਘ ਦਾ ਮੈਨੇਜ਼ਮੈਂਟ ਦੇ ਮੈਂਬਰਾਂ ਤੇ ਸਕੂਲ ਦੇ ਸਟਾਫ ਨੇ ਭਰਵਾਂ ਸਵਾਗਤ ਕੀਤਾ।

ਸਕੂਲ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਮੋਹਨ ਸਿੰਘ ਸਿੱਧੂ ਨੇ ਦੱਸਿਆ ਕਿ ਮਰਹੂਮ ਸਮਾਜਸੇਵੀ ਕਾਮਰੇਡ ਹਰਪਾਲ ਸਿੰਘ ਘੱਗਾ ਅਤੇ ਉਹਨਾਂ ਦੇ ਸਾਥੀਆਂ ਲੰਮਾ ਸਮਾਂ ਟਰਸਟ ਦੇ ਪ੍ਰਧਾਨ ਰਹੇ ਸਵਰਗੀ ਸਤਪਾਲ ਸਿੰਗਲਾ, ਸ਼ਾਮ ਲਾਲ, ਬਲਵੀਰ ਕੁਮਾਰ ਅਤੇ ਜਸਪਾਲ ਸਿੰਗਲਾ ਵੱਲੋਂ ਗ੍ਰਾਮ ਪੰਚਾਇਤ ਹਾਮਝੇੜੀ ਦੇ ਸਹਿਯੋਗ ਨਾਲ ਸਮਾਜ ਸੇਵੀ ਸੰਸਥਾ ਵਜੋਂ ਚਲਾਏ ਜਾ ਰਹੇ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਇਲਾਕੇ ਦੇ ਨਾਮਵਰ ਵਿੱਦਿਅਕ ਸੰਸਥਾ ਹੈ।

ਬੇਰੁਜ਼ਗਾਰ ਇੱਕ ਦਸੰਬਰ ਨੂੰ ਕਰਨਗੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ; 32 ਮਹੀਨੇ ਵਿੱਚ ਨਹੀਂ ਮਿਲਿਆ ਰੁਜ਼ਗਾਰ

ਸੰਗਰੂਰ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀਆਂ ਕਰੀਬ ਅੱਧਾ ਦਰਜਨ ਬੇਰੁਜ਼ਗਾਰ ਜਥੇਬੰਦੀਆਂ ਉਪਰ ਅਧਾਰਿਤ ਬੇਰੁਜ਼ਗਾਰ ਸਾਂਝਾ ਮੋਰਚਾ ਆਪਣੇ ਰੁਜ਼ਗਾਰ ਪ੍ਰਾਪਤੀ ਸੰਘਰਸ਼ ਦੀ ਅਗਲੀ ਕੜੀ ਤਹਿਤ ਪਹਿਲੀ ਦਸੰਬਰ ਨੂੰ ਸਥਾਨਕ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਕਰੇਗਾ।

ਮੋਰਚੇ ਦੇ ਆਗੂਆਂ ਸੁਖਵਿੰਦਰ ਸਿੰਘ ਢਿੱਲਵਾਂ,ਜਸਵੰਤ ਘੁਮਾਇਆ, ਰਮਨ ਕੁਮਾਰ ਮਲੋਟ, ਹਰਜਿੰਦਰ ਸਿੰਘ ਝੁਨੀਰ ਅਤੇ ਹਰਜਿੰਦਰ ਸਿੰਘ ਬੁਢਲਾਡਾ

ਕੁਝ ਕਹਿੰਦੀ ਐ ਤਸਵੀਰ...

• ਸੰਗੀਤਾ ਭੰਡਾਰੀ, ਲੁਧਿਆਣਾ।

ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।

ਮੁਰਦਾ ਬੋਲੇ ਕੱਫਣ ਪਾੜੇ

• ਪ੍ਰੋ. ਜਸਵੰਤ ਸਿੰਘ ਗੰਡਮ
98766-55055

ਤੁਸੀਂ ਮੁਰਦੇ ਦੇਖੇ ਹੋਣਗੇ, ਅਸੀਂ ਵੀ ਦੇਖੇ ਹਨ। ਮਰੇ ਹੋਏ ਵੀ ਅਤੇ ਜੀਊਂਦੇ ਵੀ। ਮਰੇ ਹੋਏ ਮੜ੍ਹੀਆਂ 'ਚ ਸੜਦੇ ਅਤੇ ਜੀਊਂਦੇ ਜੀਅ ਮਰੇ ਹੋਏ ਆਪਣੀਆਂ ਲਾਸ਼ਾਂ ਮੋਢਿਆਂ ਉੱਪਰ ਚੁੱਕੀ ਸਸਕਾਰ ਦੀ ਉਡੀਕ ਕਰ ਰਹੇ।

ਕੁਦਰਤੀ ਐ ਕਿ ਤੁਸੀਂ ਫਿਰ ਕੱਫਣ/ਖਫਣ ਵੀ ਜ਼ਰੂਰ ਦੇਖੇ ਹੋਣਗੇ, ਅਸੀਂ ਵੀ ਦੇਖੇ ਹਨ। ਕੱਫਣ ਪਾਉਣ ਵਾਲੇ ਵੀ ਅਤੇ ਕੱਫਣ ਲਾਹੁਣ ਵਾਲੇ ਵੀ, ਭਾਵ ਕੱਫਣ ਚੋਰ ਵੀ।

ਪਰ ਕੀ ਤੁਸੀਂ ਕਦੀ ਕੱਫਣ ਨੂੰ ਪਾੜ ਕੇ ਕੋਈ ਮੁਰਦਾ ਬੋਲਦਾ ਦੇਖਿਐ/ਸੁਣਿਐ? ਅਸੀਂ ਦੇਖਿਐ/ਸੁਣਿਐ, ਬਲਕਿ ਕਈ ਦੇਖੇ/ਸੁਣੇ ਹਨ।

ਆਓ!ਇਸ ਨਸਲ ਦੇ ਦਰਸ਼ਨ ਕਰੀਏ।

ਤੁਸੀਂ ਸਾਰੇ ਸਿਆਣੇ ਹੋ ਅਤੇ ਬਾਖੂਬੀ ਜਾਣਦੇ ਹੋ ਕਿ 'ਮੁਰਦਾ ਬੋਲੇ ਤੇ ਕੱਫਣ ਹੀ ਪਾੜੇ' ਪੰਜਾਬੀ ਦਾ ਇਕ ਅਖਾਣ ਹੈ। ਇਸ ਦਾ ਅਰਥ ਹੈ ਕਿ ਜਦ ਕੋਈ ਜਿਸ ਵੇਲੇ ਵੀ ਬੋਲੇ ਤਾਂ ਬਸ ਭੈੜਾ ਹੀ ਬੋਲੇ। ਕਈ ਸੱਜਣ ਅਜਿਹੇ ਹੁੰਦੇ ਹਨ ਕਿ ਉਨ੍ਹਾਂ ਦੇ ਆਉਣ ਨਾਲ ਬਹਾਰ ਆ ਜਾਂਦੀ ਹੈ ਪਰ ਕਈ ਜਣੇ ਅਜਿਹੇ ਵੀ ਹੁੰਦੇ ਹਨ ਕਿ ਉਨ੍ਹਾਂ ਦੇ ਆਉਣ ਨਾਲ ਹਵਾੜ ਆ ਜਾਂਦੀ ਹੈ! ਅਜਿਹੀ ਸੜਿਹਾਂਦ ਛੱਡਦੇ ਹਨ ਕਿ ਇਉਂ ਲਗਦੈ ਜਿਵੇਂ ਮਿਊਂਸਪੈਲਿਟੀ ਦੇ ਸਾਲਾਂ ਤੋਂ ਢਕੇ ਪਏ ਗਟਰ ਦਾ ਕਿਸੇ ਨੇ ਅਚਾਨਕ ਢੱਕਣ ਚੁੱਕ ਦਿੱਤਾ ਹੋਵੇ।

ਮੇਰਾ ਇਕ ਜਾਣਕਾਰ ਹੈ। ਅੱਗਿਉਂ ਉਸ ਦੀ ਇਕ ਜਾਣਕਾਰ ਹੈ। ਜੇ ਕਿਸੇ ਦੇ ਮਾੜੀ ਮੋਟੀ ਸ਼ਰੀਰ ਵੀ ਆ ਜਾਏ ਤੇ ਬਦਕਿਸਮਤੀ ਨਾਲ ਉਸ ਦੇ ਭੋਰਾ ਖ਼ੂਨ ਵਗਣ ਲਗ ਪਏ ਤਾਂ ਸਮਝੋ ਮੁਰਦਾ ਕੱਫਣ, ਚਿਖਾ ਦੀਆਂ ਲੱਕੜਾਂ ਅਤੇ ਉੱਪਰ ਪਾਈ ਸਾਰੀ 'ਸਮੱਗਰੀ' ਸਮੇਤ ਸ਼ਮਸ਼ਾਨ ਘਾਟ 'ਚੋਂ ਭੁੜਕ ਕੇ ਬਾਹਰ ਭੱਜ ਪਿਆ! ਸਾਰੇ ਪਿੰਡ ਵਿਚ ਰੌਲਾ ਪੈ ਜਾਊ, "ਹੈ ਹਾ! ਫਲਾਣੇ ਦੇ ਮੁੰਡੇ ਦਾ ਹੱਥ ਵਢਿਆ ਗਿਆ, ਖ਼ੂਨ ਨਾਲ ਲੱਥ ਪੱਥ ਹੋਏ ਨੂੰ ਹਸਪਤਾਲ ਲੈ ਗਏ ਐ, ਭਲਾ ਹੁਣ ਕਿਤੇ ਬਚਣਾ, ਭੈਣੇ ਖ਼ਬਰ-ਸਾਰ ਲੈ ਆਓ"। ਬਾਅਦ 'ਚ ਪਤਾ ਲਗੂ ਕਿ ਮੁੰਡੇ ਦੀ ਚੀਚੀ ਉਪਰ ਮਾੜੀ ਜਿਹੀ ਖਰੋਚ ਆਈ ਸੀ ਜੋ ਘਰੇਲੂ ਉਹੜ ਪੁਹੜ ਨਾਲ ਠੀਕ ਹੋ ਗਈ ਸੀ।

ਚਲੋ ਪਿੰਡੋਂ ਨਿਕਲ ਕੇ ਸ਼ਹਿਰ ਚਲਦੇ ਹਾਂ। ਇਕ ਮਿੱਤਰ ਦਫ਼ਤਰ ਵਿਚ ਨੌਕਰੀ ਲੱਗਾ। ਨੌਜਵਾਨ ਸੀ, ਪਤਲਾ ਪਤੰਗ, ਬਸ ਤਕਲਾ ਹੀ ਸਮਝੋ। ਜਿੰਮ ਵਿਚ ਖ਼ੂਨ-ਪਸੀਨਾ ਇਕ ਕਰ ਕੇ ਸਰੀਰ ਕਮਾਇਆ ਸੀ। ਖ਼ੂਬਸੂਰਤ 'ਸਲਿਮ-ਟਰਿੰਮ' ਜਨਰੇਸ਼ਨ 'ਚੋਂ ਸੀ। ਪਰ ਉਸ ਦਾ ਸੀਨੀਅਰ ਉਹੀ ਘਿਸੀ ਪਿਟੀ ਪੁਰਾਣੀ ਪੀੜ੍ਹੀ ਦਾ ਸੀ। ਦੇਖਦਿਆਂ ਹੀ ਬੋਲ ਉਠਿਆ,'ਤੁਹਾਡੇ ਤੋਂ ਪਹਿਲਾਂ ਜੋ ਇਸ ਕੁਰਸੀ ਉੱਪਰ ਬੈਠਦਾ ਸੀ ਉਹ ਤੁਹਾਡੇ ਨਾਲੋਂ ਵੀ ਸੁੱਕਾ ਸੀ, ਬਸ ਸੜਿਆ ਹੀ ਸਮਝੋ, ਸੜ-ਸੁਕ ਕੇ ਤੀਲਾ, ਜਿਵੇਂ ਕਦੀ ਰੱਜ ਕੇ ਖਾਣਾ ਨਾ ਨਸੀਬ ਹੋਇਆ ਹੋਵੇ'। ਸਾਡੇ ਮਿੱਤਰ ਦਾ ਨਵੀਂ-ਨਵੀਂ ਨੌਕਰੀ ਦਾ ਸਾਰਾ ਚਾਅ ਜਾਂਦਾ ਲੱਗਾ। ਉਸ ਦਾ ਦਿਲ ਤਾਂ ਕੀਤਾ ਕਿ ਸੀਨੀਅਰ ਦੇ ਸਿਰ 'ਚ ਕੁਰਸੀ ਵਗਾਹ ਮਾਰੇ ਪਰ 'ਦਿਲ ਕੀ ਦਿਲ ਹੀ ਮਾਹਿ ਰਹੀ'।

ਸ਼ਹਿਰ ਦੇ ਇਕ ਹਸਪਾਤਲ ਚਲਦੇ ਹਾਂ। ਇਕ ਦੁਰਘਟਨਾ ਦਾ ਮਰੀਜ਼ ਦਾਖਲ ਹੈ,ਉਸ ਦੀ ਖ਼ਬਰ-ਸਾਰ ਲੈਂਦੇ ਹਾਂ। ਇਹ ਕੀ? ਮਰੀਜ਼ ਕੋਲ ਪਹਿਲਾਂ ਹੀ ਇਕ 'ਸ਼ੁਭਚਿੰਤਕ' ਬੈਠਾ ਹੋਇਆ ਹੈ। ਜ਼ਰਾ ਉਸ ਦੀ ਤੀਮਾਰਦਾਰੀ ਦਾ ਹੌਸਲਾ ਵਰਧਕ ਢੰਗ ਦੇਖੋ,'ਨਾਅ, ਤੂੰ ਸਿਆਣਾ ਬਿਆਣਾ ਬੰਦਾ, ਨਾ ਸ਼ਰਾਬ ਪੀਨਾਂ ਨਾ ਗੱਡੀ ਤੇਜ਼ ਚਲਾਉਂਨਾ, ਫਿਰ ਤੈਥੋਂ ਗ਼ਲਤੀ ਕਿੱਦਾਂ ਹੋ ਗਈ ਐਕਸੀਡੈਂਟ ਦੀ? ਆਹ ਜਿਹੜੀ ਤੇਰੀ ਬਾਂਹ ਟੁੱਟੀ ਐ ਇਹ ਤਾਂ ਹੁਣ ਠੀਕ ਨਹੀਂ ਹੋਣੀ, ਡਾਕਟਰਾਂ ਦਾ ਕੀ ਐ, ਪੈਸੇ ਬਟੋਰਨ ਦੇ ਮਾਰੇ ਲਾਰੇ ਲਾਉਂਦੇ ਰਹਿੰਦੇ ਐ।

ਮੇਰੇ ਇਕ ਰਿਸ਼ਤੇਦਾਰ ਦੀ ਵੀ ਬਾਂਹ ਇਸ ਤਰ੍ਹਾਂ ਹੀ ਟੁੱਟ ਗਈ ਸੀ, ਲੱਖ ਇਲਾਜ ਦੇ ਬਾਵਜੂਦ ਵਿੰਗੀ ਦੀ ਵਿੰਗੀ ਰਹੀ, ਤੇਰਾ ਵੀ ਇਹੀ ਹਾਲ ਹੋਣੈ'।

ਲਉ, ਲੋਕਾਂ ਦੀਆਂ ਬਥੇਰੀਆਂ ਹੋ ਗਈਆਂ, ਹੁਣ ਸਾਡੀ ਵੀ ਸੁਣ ਲਉ। ਨਵਾਂ-ਨਵਾਂ ਘਰ ਬਣਾਇਆ ਸੀ। ਸੁਹਣਾ ਇਲਾਕਾ ਸੀ। ਘਰ ਕੋਲ ਇਕ ਕਾਲਜ ਸੀ,ਧਾਰਮਿਕ ਅਸਥਾਨ ਸੀ, ਪਾਰਕ ਸੀ।

ਵਿਅੰਗ

ਹਸਪਤਾਲ 'ਚ ਇਕ 'ਸ਼ੁਭਚਿੰਤਕ' ਮਰੀਜ਼ ਦਾ ਹੌਸਲਾ ਵਧਾ ਰਿਹਾ ਸੀ,'ਨਾਅ, ਤੂੰ ਸਿਆਣਾ ਬਿਆਣਾ ਬੰਦਾ, ਨਾ ਸ਼ਰਾਬ ਪੀਨਾਂ ਨਾ ਗੱਡੀ ਤੇਜ਼ ਚਲਾਉਂਨਾ, ਫਿਰ ਤੈਥੋਂ ਗ਼ਲਤੀ ਕਿੱਦਾਂ ਹੋ ਗਈ ਐਕਸੀਡੈਂਟ ਦੀ? ਆਹ ਜਿਹੜੀ ਤੇਰੀ ਬਾਂਹ ਟੁੱਟੀ ਐ ਇਹ ਤਾਂ ਹੁਣ ਠੀਕ ਨਹੀਂ ਹੋਣੀ, ਡਾਕਟਰਾਂ ਦਾ ਕੀ ਐ, ਪੈਸੇ ਬਟੋਰਨ ਦੇ ਮਾਰੇ ਲਾਰੇ ਲਾਉਂਦੇ ਰਹਿੰਦੇ ਐ...

ਪਰ ਇਕ ਦਿਨ ਕੋਈ ਟੈਲੀਫੋਨ ਉੱਪਰ ਘਰ ਦੀ 'ਲੋਕੇਸ਼ਨ'(ਥਾਂ-ਟਿਕਾਣਾ) ਪੁੱਛਣ ਲੱਗਾ ਤਾਂ ਪਤਾ ਨਹੀਂ ਸਾਡੇ ਅੰਦਰੋਂ ਕਦ ਕੱਫਣ ਪਾੜ ਕੇ ਮੁਰਦਾ ਬੋਲਣ ਲਗ ਪਿਆ,' ਫਲਾਣੇ ਪਾਸਿਉਂ ਆਏਂਗਾ ਤਾਂ ਪਹਿਲਾਂ ਇਕ ਰੰਦਾ ਨਾਲਾ ਆਵੇਗਾ, ਫਿਰ ਸ਼ਮਸ਼ਾਨ ਘਾਟ ਅਤੇ ਆਖਰ ਵਿਚ ਇਕ ਕੁੜੇ ਦਾ ਢੇਰ, ਉੱਥੋਂ ਮੁੜ ਕੇ ਕਿਸੇ ਨੂੰ ਪੁੱਛ ਲਵੀਂ'।

ਸਾਨੂੰ ਉਦੋਂ ਹੀ ਪਤਾ ਲੱਗਾ ਜਦ ਘਰਵਾਲੀ ਨੇ ਠਾਹ ਕਰਕੇ ਫੋਨ ਕੱਟ ਦਿੱਤਾ ਅਤੇ ਮੱਥੇ ਉਪਰ ਹੱਥ ਮਾਰ ਕੇ ਬੋਲੀ, 'ਮਿਰਤਕ ਨਾਲ ਵਿਵਾਹੀਐ ਸੁਹਾਗ ਨਾ ਥੀਐ"!

ਇਹ ਸੁਣਦੇ ਸਾਰ ਸਾਨੂੰ ਉਪਰੋਕਤ ਮੁਹਾਵਰੇਦਾਰ ਸਿਰਲੇਖ ਇਕ ਦਮ ਚੇਤੇ ਆਇਆ- 'ਮੁਰਦਾ ਬੋਲੇ ਤੇ ਕੱਫਣ ਹੀ ਪਾੜੇ' ! •

ਚੁੰਨੀ ਵਾਲਾ ਪੱਲੜਾ

• ਬੂਟਾ ਸਿੰਘ ਚੌਹਾਨ
98143-80749

ਕਹਾਣੀ

ਮੇਰੀਆਂ ਅੱਖਾਂ ਅੱਗੇ ਇਕ ਧੁੰਦਲਕੇ 'ਚੋਂ ਇਕ ਤੱਕੜੀ ਉੱਭਰ ਆਈ। ਅੱਖ ਦੇ ਝਮੱਕੇ ਉਸ ਦੇ ਇਕ ਪੱਲੜੇ 'ਚ ਸਾਡੇ ਵੱਲੋਂ ਦਿੱਤੇ ਹੋਏ ਭਾਂਡੇ ਤੇ ਸੂਟ ਆ ਟਿਕੇ ਤੇ ਦੂਜੇ 'ਚ ਬੁੜੀ ਵੱਲੋਂ ਕੁੜੀ ਦੇ ਸਿਰ 'ਤੇ ਦਿੱਤੀ ਹੋਈ ਚੁੰਨੀ ਆ ਟਿਕੀ ...

ਜੇ ਗ਼ਰੀਬੀ ਦੀ ਝੰਬੀ ਬੁੜੀ ਵਿਆਹ ਵਾਲ਼ੀ ਕੁੜੀ ਦੇ ਸਿਰ 'ਤੇ ਦਿੱਤੀ ਹੋਈ ਲਾਲ ਚੁੰਨੀ ਲਾਹ ਲੈਂਦੀ, ਅਸੀਂ ਤੁਰ ਆਉਣਾ ਸੀ। ਕੰਮ ਸਾਡਾ ਹੋ ਗਿਆ ਸੀ। ਵਿਆਹ ਵਾਲ਼ੀ ਕੁੜੀ ਦੇ ਸਿਰ 'ਤੇ ਲਾਲ ਚੁੰਨੀ ਦਿਵਾ ਕੇ ਉਹਦੀ ਝੁੱਕਲ਼ 'ਚ ਪਰਾਤ 'ਚ ਭਾਂਡੇ ਤੇ ਕੁੜੀ ਦੀ ਮਾਂ ਦੇ ਹੱਥਾਂ 'ਤੇ ਸੂਟ ਧਰਵਾ ਕੇ ਅਸੀਂ ਫੋਟੋ ਖਿੱਚ ਲਈ ਸੀ। ਕਲੱਬ ਵੱਲੋਂ ਮੇਰੇ ਨਾਲ ਜੰਡੂ ਵੀ ਗਿਆ ਸੀ। ਉਹ ਮੰਜੇ 'ਤੇ ਕੁੜੀ ਨਾਲ ਇਕ ਪਾਸੇ ਬਹਿ ਗਿਆ ਸੀ। ਦੂਜੇ ਪਾਸੇ ਕੁੜੀ ਦੀ ਮਾਂ ਬਹਿ ਗਈ ਸੀ। ਪਰ ਬੁੜੀ ਵੱਲੋਂ ਚੁੰਨੀ ਨਾ ਲਾਹੁਣ ਕਾਰਨ ਸਾਡਾ ਤੁਰਨਾ ਮੁਸ਼ਕਿਲ ਹੋ ਗਿਆ ਸੀ।

ਮੰਜੇ ਦੇ ਖੱਬੇ ਪਾਸੇ ਉਹ ਬੁੜੀ ਖੜ੍ਹੀ ਸੀ। ਉਹਦਾ ਸਿਰ ਝੁੱਕਿਆ ਹੋਇਆ ਸੀ। ਘਸਮੈਲੇ ਜਿਹੇ ਕੱਪੜੇ ਪਾਏ ਹੋਏ ਸਨ। ਪੈਰੀਂ ਗੱਤੇ ਵਰਗੀਆਂ ਘਸੀਆਂ ਰਬੜ ਦੀਆਂ ਚੱਪਲਾਂ ਸਨ। ਸਿਰ 'ਤੇ ਥਾਂ-ਥਾਂ ਤੋਂ ਪਾਟੀ ਹੋਈ ਚੁੰਨੀ ਲਈ ਹੋਈ ਸੀ। ਉਸ ਦੇ ਚਿਹਰੇ ਤੇ ਮੱਥੇ 'ਤੇ ਪਤਲੀਆਂ ਰੋਸੀਆਂ ਵਰਗੀਆਂ ਝੁਰੜੀਆਂ ਉਭਰੀਆਂ ਹੋਈਆਂ ਸੀ। ਅੱਖਾਂ ਅੰਦਰ ਨੂੰ ਧਸੀਆਂ ਹੋਈਆਂ। ਹੱਥਾਂ 'ਤੇ ਨਾੜਾਂ ਉੱਭਰੀਆਂ ਹੋਈਆਂ ਸਨ ਤੇ ਬਾਹਾਂ ਤੋਂ ਮਾਸ ਹੌਡੀਆਂ ਛੱਡ ਕੇ ਝਿਲ਼ਕ ਰਿਹਾ ਸੀ। ਘੋਰ ਗ਼ਰੀਬੀ ਦੀ ਮਾਰ ਉਹਦੇ ਚਿਹਰੇ ਤੋਂ ਅੱਧੋਂ-ਬਹੁਤੀ ਨਿਗਾਹ ਰੀਵਾ ਚੁੱਕਿਆਂ ਨੂੰ ਵੀ ਸਾਫ਼ ਦਿਸਦੀ ਸੀ।

ਵੀਹ ਕੁ ਮਿੰਟ ਪਹਿਲਾਂ ਅਸੀਂ ਆਏ ਸੀ। ਸਾਡੇ ਕਲੱਬ ਨੇ ਫ਼ੈਸਲਾ ਕੀਤਾ ਸੀ ਕਿ ਇਸ ਵਾਰ ਰੁੱਖ ਲਾਉਣ ਦੇ ਨਾਲ਼-ਨਾਲ਼ ਗਰੀਬ ਘਰਾਂ ਦੀਆਂ ਕੁੜੀਆਂ ਨੂੰ ਵਿਆਹ ਦੇ ਮੌਕੇ ਭਾਂਡੇ ਤੇ ਸੂਟ ਦਿੱਤੇ ਜਾਣ। ਇਹ ਗੱਲ ਅਖ਼ਬਾਰਾਂ ਰਾਹੀਂ ਇਲਾਕੇ 'ਚ ਫ਼ੈਲ ਗਈ ਸੀ। ਅਸੀਂ ਕਲੱਬ ਦੇ ਦੋ-ਦੋ ਮੈਂਬਰਾਂ ਦੇ ਗਰੁੱਪ ਬਣਾ ਲਏ ਸਨ। ਕਿਧਰੇ ਕੋਈ ਜਾਂਦਾ ਸੀ, ਕਿਧਰੇ ਕੋਈ। ਅਸੀਂ ਇਸ ਪਿੰਡ 'ਚ ਆਏ ਸੀ।

ਇਹ ਘਰ ਦੀ ਅਰਜ਼ੀ ਸਾਨੂੰ ਪਰਸੋਂ ਮਿਲੀ ਸੀ। ਦੁਪਹਿਰ ਪਿੱਛੋਂ ਮੈਂ ਤੇ ਜੰਡੂ ਸਕੂਟਰ 'ਤੇ ਚੱਲ ਪਏ ਸੀ। ਦੁਪਹਿਰਾ ਢਲ਼ ਚੁੱਕਿਆ ਸੀ। ਮਾਰਚ ਦਾ ਅਖ਼ੀਰਲੇ ਦਿਨ ਸਨ। ਧੁੱਪ ਤਪਣ ਲੱਗ ਪਈ ਸੀ, ਜਿਹੜੀ ਖੇਤਾਂ 'ਚ ਬੀਜੀ ਕਣਕ ਦੀਆਂ ਬੱਲੀਆਂ 'ਚ ਪੱਕ ਰਹੇ ਦਾਣਿਆਂ ਦੀ ਹਰੇਵਾਈ ਨੂੰ ਸੋਨੇ ਰੰਗਾ ਕਰਨ 'ਤੇ ਲੱਗੀ ਹੋਈ ਸੀ। ਜੰਡੂ ਸਕੂਟਰ ਚਲਾ ਰਿਹਾ ਸੀ। ਮੈਂ ਮਗਰ ਬੈਠਾ ਸੀ। ਪਿੰਡ ਦੀ ਸੱਥ 'ਚੋਂ ਫਤਹਿ ਬੁਲਾ ਕੇ ਅਸੀਂ ਵਿਹੜੇ ਬਾਰੇ ਪੁੱਛ ਕੇ ਪਿੰਡ ਦੀ ਢਲਾਣ ਪੈ ਗਏ ਸੀ।

ਪਿੰਡ ਦੇ ਪਿਛਲੇ ਪਾਸੇ ਇਹ ਦਲਿਤ ਵਿਹੜਾ ਸੀ। ਵਿਹੜੇ 'ਚ ਵੜਦਿਆਂ ਹੀ ਸਾਨੂੰ ਸਾਂਝੀ ਪਾਣੀ ਵਾਲ਼ੀ ਸਰਕਾਰੀ ਟੂਟੀ 'ਤੇ ਪਾਣੀ ਤਰਦੀਆਂ ਔਰਤਾਂ ਦਿਖਾਈ ਦਿੱਤੀਆਂ। ਪੁੱਛਣ 'ਤੇ ਜਿਸ ਬੀਹੀ ਵੱਲ ਸਾਨੂੰ ਔਰਤਾਂ ਨੇ ਮੋੜਿਆ ਸੀ, ਉਹ ਬੀਹੀ ਬਹੁਤ ਭੀੜੀ ਸੀ ਤੇ ਕੱਚੀ ਵੀ। ਨਾਲੀਆਂ ਵੀ ਨਹੀਂ ਸੀ ਬਣੀਆਂ ਹੋਈਆਂ। ਅਸੀਂ ਗਲ਼ੀ ਦੇ ਮੋੜ 'ਤੇ ਹੀ ਸਕੂਟਰ ਖੜ੍ਹਾਅ ਦਿੱਤਾ। ਸਾਨੂੰ ਆਇਆਂ ਨੂੰ ਦੇਖ ਕੇ ਲੋਕ ਘਰਾਂ 'ਚੋਂ ਨਿੱਕਲ-ਨਿੱਕਲ ਕੇ ਇਉਂ ਵੇਖ ਰਹੇ ਸਨ, ਜਿਵੇਂ ਅਸੀਂ ਚੰਨ 'ਤੇ ਰਹਿਣ ਵਾਲ਼ੇ ਬੰਦੇ ਉਨ੍ਹਾਂ ਦੀ ਬੀਹੀ 'ਚ ਆ ਵੜੇ ਹੋਈਏ।

ਗਲ਼ੀ ਦੇ ਅੱਧ 'ਚ ਆ ਕੇ ਅਸੀਂ ਮੱਘਰ ਸਿੰਘ ਦਾ ਘਰ ਪੁੱਛਿਆ ਤਾਂ ਗਲ਼ੀ 'ਚ ਖੜੀ ਬੁੜੀ ਨੇ ਸਾਨੂੰ ਕਿਹਾ, 'ਆਓ ਭਾਈ! ਮੈਂ ਛੱਡ ਕੇ ਆਉਣੀ ਆਂ ਤੁਹਾਨੂੰ ਓਨਾਂ ਦੇ ਘਰੇ।' ਇਹ ਕਹਿ ਕੇ ਉਹ ਸਾਡੇ ਅੱਗੇ ਤੁਰ ਪਈ ਸੀ। ਸੋਟੀ ਉਹਦੇ ਹੱਥ 'ਚ ਸੀ। ਜਿਸ ਦੇ ਸਹਾਰੇ ਉਹ ਮਸਾਂ ਪੁਲਾਂਘ ਪੁੱਟਦੀ ਸੀ। ਉਹਦੇ ਪੈਰਾਂ 'ਚ ਪੈਰ ਧਰਨ ਦੀ ਸਾਡੀ ਮਜਬੂਰੀ ਸੀ।

ਬੀਹੀ 'ਚੋਂ ਪਾਟੀ ਇਕ ਹੋਰ ਬੀਹੀ 'ਚ ਆ ਕੇ ਉਹ ਰੁਕੀ। ਅਸੀਂ ਵੇਖਿਆ ਖੱਬੇ ਹੱਥ ਇਕ ਨਿੱਕਾ ਜਿਹਾ ਘਰ ਸੀ। ਗਲ਼ੀ 'ਤੇ ਲਗਦੀ ਕੰਧ ਮਸਾਂ ਲੱਕ-ਲੱਕ ਉੱਚੀ ਸੀ, ਜਿਹੜੀ ਕੱਚੀ ਤੇ ਥਾਂ-ਥਾਂ ਤੋਂ ਖਰੀ ਹੋਈ ਸੀ। ਲਗਦਾ ਸੀ ਇਹ ਕਦੇ ਨਾ ਕਦੇ ਕਿਸੇ ਨੇ ਲਿੱਪੀ ਹੋਵੇਗੀ। ਘਰ ਦੇ ਅੰਦਰ ਜਾਣ ਵਾਲ਼ੇ ਬਾਰ 'ਚ ਤਖ਼ਤਿਆਂ ਦੀ ਬਜਾਏ ਲੱਕੜ ਦਾ ਇਕ ਚੌਖਟਾ ਲਾਇਆ ਹੋਇਆ ਸੀ। ਜਿਸ 'ਚ ਲੱਕੜ ਦੇ ਵਿੰਗੇ-ਟੇਢੇ ਡੰਡੇ ਬੰਨੇ ਹੋਏ ਸਨ। ਬਾਰ ਦੇ ਅੰਦਰ ਸੱਜੇ ਹੱਥ ਕੰਧ ਨਾਲ ਇਕ ਗਊ ਬੰਨੀ ਹੋਈ ਸੀ ਤੇ ਨਾਲ ਹੀ ਰੋਟੀ ਟੁੱਕ ਕਰਨ ਲਈ ਕੱਚਾ ਓਟਾ ਸੀ, ਜੋ ਵਿਹੜੇ ਤੋਂ ਚੱਪਾ ਕੁ ਉੱਚਾ ਸੀ। ਓਟੇ ਦੇ ਬਾਹਰ ਇੰਟਾਂ 'ਤੇ ਗਿਠ-ਗਿਠ ਚੌੜੀਆਂ ਦੋ ਫੱਟੀਆਂ ਧਰੀਆਂ ਹੋਈਆਂ ਸਨ ਤੇ ਫੱਟੀਆਂ 'ਤੇ ਅੱਧਾ ਵੱਢਿਆ ਹੋਇਆ ਰਬੜ ਦਾ ਢੋਲ ਧਰਿਆ ਸੀ, ਜਿਸ 'ਚ ਮਸਾਂ ਗਿੱਠ ਕੁ ਪਾਣੀ ਸੀ। ਬਾਰ ਦੇ ਨਾਲ ਗਊ ਵਾਲੇ ਪਾਸੇ ਵੀ ਇਕ ਲੱਕ ਜਿੰਨਾ ਉੱਚਾ ਓਟਾ ਸੀ, ਜਿਹੜਾ ਨਹਾਉਣ-ਧੋਣ ਲਈ ਵਰਤਿਆ ਜਾਂਦਾ ਹੋਵੇਗਾ।

ਘਰ ਦੇ ਮਗਰਲੇ ਪਾਸੇ ਇਕ ਸਬਾਤ ਸੀ, ਜੋ ਵਿਹੜੇ ਨਾਲੋਂ ਨੀਵੀਂ ਸੀ। ਸਰੋਵਰ ਵਾਂਗ ਉਤਰ ਕੇ ਹੀ ਉਸ 'ਚ ਜਾਇਆ ਜਾ ਸਕਦਾ ਸੀ। ਦਰਵਾਜ਼ਾ ਉਸ ਨੂੰ ਵੀ ਨਹੀਂ ਸੀ ਤੇ ਨਾ ਹੀ ਸਬਾਤ ਦੇ ਕੋਈ ਤਾਕੀ ਸੀ। ਦਰਵਾਜ਼ੇ ਦੁਆਲੇ ਖੂੰਜੇ 'ਚ ਦੋ ਥੰਮੀਆਂ ਖੜ੍ਹੀਆਂ ਕੀਤੀਆਂ ਹੋਈਆਂ ਸਨ ਤੇ ਬਾਰ ਦੇ ਵਿਚਾਲੇ ਦੋਵੇਂ ਪਾਸੀਂ ਮੋਘਰੇ ਕੱਢੇ ਹੋਏ ਸਨ। ਲੱਗਦਾ ਸੀ ਕਿ ਰਾਤ ਨੂੰ ਇਹ ਥੰਮੀਆਂ ਦਰਵਾਜ਼ੇ ਦੀ ਬਜਾਏ ਅੰਦਰ ਕੁੱਤਾ ਬਿੱਲਾ ਵੜਨ ਤੋਂ ਰੋਕਣ ਲਈ ਕਾਟੀਦਾਰ ਅੜਾਈਆਂ ਜਾਂਦੀਆਂ ਹੋਣਗੀਆਂ।

ਵਿਹੜੇ 'ਚ ਸਾਨੂੰ ਆਇਆਂ ਨੂੰ ਦੇਖ ਕੇ ਸਬਾਤ 'ਚੋਂ ਇਕ ਕੁੜੀ ਨਿੱਕਲੀ, ਜਿਹੜੀ ਮੱਧਰੇ ਕੱਦ ਦੀ ਸੀ, ਪੱਕਾ ਉਸਦਾ ਰੰਗ ਸੀ। ਮੂੰਹ 'ਤੇ ਮੁੜ੍ਹਕੇ ਦੀਆਂ ਬੂੰਦਾਂ ਟਪਕ ਰਹੀਆਂ ਸਨ। ਫਿੱਟੀ ਜਿਹੀ ਚੁੰਨੀ ਉਸਨੇ ਗਲ਼ ਦੁਆਲੇ ਪਾ ਕੇ ਪਿੱਠ ਪਿੱਛੇ ਸੁੱਟੀ ਹੋਈ ਸੀ। ਸਾਨੂੰ ਵੇਖ ਕੇ ਉਸਨੇ 'ਸਤਿ ਸ੍ਰੀ ਅਕਾਲ' ਬੁਲਾਈ ਤੇ ਵਿਹੜੇ 'ਚ ਕੰਧ ਨਾਲ ਖੜ੍ਹਾ ਕੀਤਾ ਬਾਣ ਦਾ ਮੰਜਾ ਡਾਹ ਦਿੱਤਾ, ਜਿਹੜਾ ਅੱਧਾ ਧੁੱਪੇ ਸੀ ਤੇ ਅੱਧਾ ਛਾਵੇਂ। ਧੁੱਪ ਭਾਵੇਂ ਅਜੇ ਪਿੰਡਾ ਖਾਊ ਨਹੀਂ ਸੀ ਹੋਈ ਪਰ ਅਸੀਂ ਫੇਰ ਵੀ ਛਾਂ ਵਾਲੇ ਪਾਸੇ ਬੈਠੇ।

ਸਾਨੂੰ ਆਇਆ ਨੂੰ ਦੇਖ ਕੇ ਆਂਢ-ਗੁਆਂਢ 'ਚੋਂ ਹੋਰ ਔਰਤਾਂ ਵੀ ਆ ਗਈਆਂ ਤੇ ਉਹ ਵਿਹੜੇ 'ਚ ਕੱਚੀ ਕੰਧ ਨਾਲ ਢੋਅ ਲਾਈ ਖੜ੍ਹੀ ਬੁੜੀ ਨਾਲ ਗੱਲੀਂ ਲੱਗ ਪਈਆਂ। ਜਦੋਂ ਗੱਲਾਂ ਦਾ ਰੁਖ਼ ਕੁੜੀ ਦੇ ਵਿਆਹ ਵੱਲ ਮੁੜਿਆ ਤਾਂ ਬੁੜੀ ਕਹਿੰਦੀ, "ਮਰ ਜਾਣੀ ਸਰਕਾਰ ਵੀ ਵਿਆਹ ਪਿੱਛੋਂ ਸ਼ਗਨ ਦੇ ਚਾਰ ਪੈਸੇ ਦਿੰਦੀ ਐ। ਮੌਕੇ 'ਤੇ ਮਿਲ ਜਾਣ ਤਾਂ

ਸੰਪਾਦਕੀ

ਪੰਜਾਬ 'ਚ ਜ਼ਿਮਨੀ ਚੋਣਾਂ ਤੇ ਆਪ ਦੀ ਜਿੱਤ

ਪੰਜਾਬ ਦੀਆਂ ਜ਼ਿਮਨੀ ਚੋਣਾਂ 'ਚ ਆਮ ਆਦਮੀ ਪਾਰਟੀ (ਆਪ) ਨੂੰ ਤਿੰਨ ਹਲਕਿਆਂ- ਗਿੱਦੜਬਾਹਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ਵਿੱਚ ਜਿੱਤ ਮਿਲੀ ਹੈ- ਜਦੋਂਕਿ ਬਰਨਾਲਾ ਸੀਟ 'ਤੇ ਸੂਬੇ ਦੀ ਸੱਤਾਧਾਰੀ ਪਾਰਟੀ ਕਾਂਗਰਸ ਤੋਂ ਹਾਰ ਗਈ ਹੈ। ਇਨ੍ਹਾਂ ਨਤੀਜਿਆਂ 'ਚ ਜਿੰਨੀ ਚਰਚਾ ਸੱਤਾਧਾਰੀ ਪਾਰਟੀ ਦੀਆਂ ਜਿੱਤਾਂ ਦੀ ਹੋ ਰਹੀ ਹੈ, ਓਨੀ ਹੀ ਚਰਚਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਮੈਦਾਨ ਤੋਂ ਦੂਰ ਰਹਿਣ ਦੀ ਵੀ ਹੋ ਰਹੀ ਹੈ, ਕਿਉਂਕਿ ਅਕਾਲੀ ਦਲ ਦੀਆਂ ਵੋਟਾਂ 'ਆਪ' ਵੱਲ ਨੂੰ ਖਿਸਕੀਆਂ ਹਨ, ਜਿਨ੍ਹਾਂ ਫ਼ੈਸਲਾਕੁਨ ਭੂਮਿਕਾ ਅਦਾ ਕੀਤੀ। ਅਕਾਲੀ ਦਲ ਨੇ ਕਾਫ਼ੀ ਚਿਰ ਪਹਿਲਾਂ ਹੀ ਜ਼ਿਮਨੀ ਚੋਣਾਂ ਨਾ ਲੜਨ ਦਾ ਐਲਾਨ ਕਰ ਦਿੱਤਾ ਸੀ। ਖਿਸਕੀਆਂ ਵੋਟਾਂ ਹਾਲਾਂਕਿ ਜ਼ਰੂਰੀ ਨਹੀਂ ਕਿ ਨਿਰੋਲ ਆਮ ਆਦਮੀ ਪਾਰਟੀ ਲਈ ਹੀ ਸਨ ਸਗੋਂ ਇਹ ਕਾਂਗਰਸ ਵਿਰੁੱਧ ਇੱਕ ਨੀਤੀਗਤ ਸਫ਼ਬੰਦੀ ਵੀ ਹੈ। ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਜੇਤੂ ਰਹੇ, ਜਦੋਂਕਿ ਚੱਬੇਵਾਲ ਤੋਂ ਵੀ 'ਆਪ' ਦੇ ਹੀ ਉਮੀਦਵਾਰ ਇਸ਼ਾਂਕ ਚੱਬੇਵਾਲ ਨੇ ਜਿੱਤ ਦਰਜ ਕੀਤੀ। ਚੱਬੇਵਾਲ 'ਚ 'ਆਪ' ਉਮੀਦਵਾਰ ਕਰੀਬ 28 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਮੋਹਰੀ ਰਿਹਾ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਤੋਂ ਚੁਣੇ ਹੋਏ ਵਿਧਾਇਕ ਮੀਤ ਹੇਅਰ (ਆਪ), ਰਾਜਾ ਵੜਿੰਗ (ਕਾਂਗਰਸ), ਸੁਖਜਿੰਦਰ ਰੰਧਾਵਾ (ਕਾਂਗਰਸ) ਤੇ ਰਾਜ ਕੁਮਾਰ ਚੱਬੇਵਾਲ (ਆਪ) ਸੰਸਦ ਮੈਂਬਰ ਬਣ ਗਏ ਸਨ। ਸੀਟਾਂ ਖਾਲੀ ਹੋਣ ਤੋਂ ਬਾਅਦ ਹੁਣ ਇੱਥੇ ਜ਼ਿਮਨੀ ਚੋਣ ਕਰਵਾਈ ਗਈ ਸੀ।

ਕਾਂਗਰਸ ਲਈ ਬਰਨਾਲਾ ਬਚਾਉਣਾ, ਬਾਕੀ ਦੀ ਨਿਰਾਸ਼ਾਜਨਕ ਕਾਰਗੁਜ਼ਾਰੀ 'ਚ ਇੱਕ ਫਿੱਕੀ ਜਿਹੀ ਉਮੀਦ ਦੀ ਕਿਰਨ ਵਰਗਾ ਹੈ। ਹਾਲਾਂਕਿ ਇੱਥੇ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਫ਼ਸਵਾਂ ਮੁਕਾਬਲਾ ਦੇਖਣ ਨੂੰ ਮਿਲਿਆ ਤੇ ਜਿੱਤ ਦਾ ਫ਼ਰਕ ਕਾਫ਼ੀ ਘੱਟ ਰਿਹਾ। ਇੱਥੇ ਕਾਂਗਰਸੀ ਉਮੀਦਵਾਰ ਕੁਲਦੀਪ ਸਿੰਘ ਢਿੱਲੋਂ ਦੀ ਜਿੱਤ ਦਰਸਾਉਂਦੀ ਹੈ ਕਿ ਪਾਰਟੀ 'ਆਪ' ਅੰਦਰਲੀ ਨਾਖ਼ੁਸ਼ੀ ਦਾ ਫ਼ਾਇਦਾ ਚੁੱਕਣ ਵਿੱਚ ਕਾਮਯਾਬ ਰਹੀ, ਜਿਸ ਵਿੱਚ ਬਾਗ਼ੀ ਉਮੀਦਵਾਰਾਂ ਦਾ ਵੀ ਯੋਗਦਾਨ ਰਿਹਾ। ਉਨ੍ਹਾਂ ਵੱਲੋਂ ਤੋੜੀਆਂ ਵੋਟਾਂ ਨੇ ਕਾਂਗਰਸ ਦਾ ਫ਼ਾਇਦਾ ਕੀਤਾ। 'ਆਪ' ਦੇ ਬਾਗ਼ੀ ਗੁਰਦੀਪ ਸਿੰਘ ਬਾਠ ਨੇ ਬਰਨਾਲਾ ਤੋਂ ਆਜ਼ਾਦ ਚੋਣ ਲੜੀ ਤੇ ਕਰੀਬ 17 ਹਜ਼ਾਰ ਵੋਟਾਂ ਲੈ ਕੇ ਕਾਂਗਰਸੀ ਉਮੀਦਵਾਰ ਦਾ ਬਚਾਅ ਕੀਤਾ। ਹਾਲਾਂਕਿ, ਪਤਨੀ ਤੇ ਕਾਂਗਰਸ ਉਮੀਦਵਾਰ ਅੰਮ੍ਰਿਤਾ ਵੜਿੰਗ ਲਈ ਸੂਬਾ ਇਕਾਈ ਦੇ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਚਲਾਈ ਜ਼ੋਰਦਾਰ ਪ੍ਰਚਾਰ ਮੁਹਿੰਮ ਦੇ ਬਾਵਜੂਦ ਗਿੱਦੜਬਾਹਾ 'ਚ ਹੋਈ ਕਾਂਗਰਸ ਦੀ ਹਾਰ- ਲੀਡਰਸ਼ਿਪ 'ਚ ਤਾਲਮੇਲ ਦੀ ਘਾਟ ਤੇ ਵੋਟਰਾਂ ਨਾਲ ਪ੍ਰਭਾਵਹੀਣ ਰਾਬਤੇ ਜਿਹੇ ਡੂੰਘੇ ਮੁੱਦਿਆਂ ਨੂੰ ਉਭਾਰਦੀ ਹੈ। ਇਹ ਹਾਰ ਖ਼ਾਸ ਕਰਕੇ ਇਸ ਲਈ ਵੀ ਨੁਕਸਾਨਦਾਇਕ ਹੈ ਕਿਉਂਕਿ ਇਕੱਲੇ ਗਿੱਦੜਬਾਹਾ 'ਤੇ ਵੜਿੰਗ ਦੇ ਧਿਆਨ ਦਾ ਖ਼ਮਿਆਜ਼ਾ ਪਾਰਟੀ ਨੂੰ ਹੋਰਾਂ ਹਲਕਿਆਂ ਵਿੱਚ ਹਾਰ ਦੇ ਰੂਪ 'ਚ ਭੁਗਤਣਾ ਪਿਆ ਹੈ। ਇਸ ਨਾਲ ਪੰਜਾਬ 'ਚ ਪਾਰਟੀ ਦੇ ਸਮੁੱਚੇ ਪ੍ਰਭਾਵ ਨੂੰ ਹੋਰ ਝਟਕਾ ਲੱਗਾ ਹੈ। ਵੜਿੰਗ ਖ਼ੁਦ ਇਸ ਸੀਟ ਤੋਂ ਲਗਾਤਾਰ ਤਿੰਨ ਵਾਰ (2012, 2017 ਤੇ 2022) ਬਾਜ਼ੀ ਮਾਰ ਚੁੱਕੇ ਹਨ। ਹਾਲਾਂਕਿ ਆਖ਼ਰੀ ਚੋਣ ਉਹ ਵੀ ਮਸਾਂ 1,349 ਵੋਟਾਂ ਦੇ ਫ਼ਰਕ ਨਾਲ ਜਿੱਤੇ ਸਨ। ਗਿੱਦੜਬਾਹਾ ਤੋਂ ਜਿੱਤੇ 'ਆਪ' ਦੇ ਉਮੀਦਵਾਰ ਡਿੰਪੀ ਢਿੱਲੋਂ ਪਹਿਲਾਂ ਦੋ ਵਾਰ ਇੱਥੋਂ ਹੀ (2017 ਤੇ 2022) ਲਗਾਤਾਰ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਹਾਰ ਚੁੱਕੇ ਹਨ। ਲੰਮਾ ਸਮਾਂ ਅਕਾਲੀ ਦਲ 'ਚ ਰਹੇ ਢਿੱਲੋਂ ਗਿੱਦੜਬਾਹਾ ਤੋਂ ਕਰੀਬ 22 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਮੋਹਰੀ ਰਹੇ। ਅਕਾਲੀ ਦਲ ਦੇ ਚੋਣ ਮੈਦਾਨ ਵਿੱਚ ਨਾ ਹੋਣ ਦਾ ਵੀ ਡਿੰਪੀ ਢਿੱਲੋਂ ਨੂੰ ਫ਼ਾਇਦਾ ਮਿਲਿਆ ਹੈ। ਭਾਜਪਾ, ਇਸ ਦੌਰਾਨ ਪੰਜਾਬ ਦੇ ਪੇਂਡੂ ਸਿਆਸੀ ਭੂ-ਦ੍ਰਿਸ਼ ਵਿੱਚ ਹਾਲੇ ਵੀ ਬੇਗ਼ਾਨਗੀ ਦੀ ਸ਼ਿਕਾਰ ਹੈ। ਡੇਰਾ ਬਾਬਾ ਨਾਨਕ, ਗਿੱਦੜਬਾਹਾ ਤੇ ਚੱਬੇਵਾਲ ਵਿੱਚ ਤਾਂ ਭਾਜਪਾ ਦੀ ਜ਼ਮਾਨਤ ਵੀ ਜ਼ਬਤ ਹੋਈ ਹੈ। ਗਿੱਦੜਬਾਹਾ ਤੋਂ ਭਾਜਪਾ ਨੇ ਮਨਪ੍ਰੀਤ ਸਿੰਘ ਬਾਦਲ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਸੀ। ਪਾਰਟੀ ਅਜੇ ਵੀ ਖੇਤੀ ਕਾਨੂੰਨਾਂ ਵੱਲੋਂ ਕੀਤੇ ਸਿਆਸੀ ਨੁਕਸਾਨ ਨੂੰ ਪੂਰ ਨਹੀਂ ਸਕੀ ਹੈ ਤੇ ਸਾਰੇ ਹਲਕਿਆਂ ਵਿੱਚ ਤੀਜੇ ਸਥਾਨ 'ਤੇ ਖਿਸਕੀ ਹੈ। ਚਾਰ ਸੀਟਾਂ 'ਤੇ ਔਸਤਨ 63.91 ਫ਼ੀਸਦੀ ਵੋਟਿੰਗ ਹੋਈ ਸੀ। ਹਾਲਾਂਕਿ ਗਿੱਦੜਬਾਹਾ ਵਿੱਚ ਕਾਫ਼ੀ ਜ਼ਿਆਦਾ ਵੋਟਿੰਗ ਪ੍ਰਤੀਸ਼ਤ ਦਰਜ ਹੋਈ ਸੀ। ਸਭ ਤੋਂ ਘੱਟ ਵੋਟਾਂ (53.43) ਚੱਬੇਵਾਲ ਸੀਟ ਉੱਤੇ ਪਈਆਂ ਸਨ। ਡੇਰਾ ਬਾਬਾ ਨਾਨਕ ਵਿੱਚ 64.1 ਫ਼ੀਸਦੀ ਅਤੇ ਬਰਨਾਲਾ ਵਿੱਚ 56.34 ਫ਼ੀਸਦੀ ਵੋਟਿੰਗ ਹੋਈ ਸੀ। ਵੋਟ ਫ਼ੀਸਦ ਨੂੰ ਆਧਾਰ ਬਣਾ ਕੇ ਵੱਖ-ਵੱਖ ਅੰਦਾਜ਼ੇ ਲਾਏ ਜਾ ਰਹੇ ਸਨ। ਕੁਝ ਇਸ ਨੂੰ ਸੱਤਾ ਪ੍ਰਤੀ ਨਾਰਾਜ਼ਗੀ ਤੇ ਕੁਝ ਬਦਲਾਅ ਨਾਲ ਜੋੜ ਕੇ ਦੇਖ ਰਹੇ ਸਨ। ਸੂਬੇ ਦੇ ਸਿਆਸੀ ਦ੍ਰਿਸ਼ ਨੂੰ ਦੇਖਦਿਆਂ ਇਨ੍ਹਾਂ ਚੋਣਾਂ 'ਚ ਸੱਤਾਧਾਰੀ ਆਮ ਆਦਮੀ ਪਾਰਟੀ ਦਾ ਕਾਫ਼ੀ ਕੁਝ ਦਾਅ ਉੱਤੇ ਵੀ ਲੱਗਾ ਹੋਇਆ ਸੀ ਕਿਉਂਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਪਾਰਟੀ ਦੀ ਕਾਰਗੁਜ਼ਾਰੀ ਆਸਾਂ ਮੁਤਾਬਿਕ ਨਹੀਂ ਰਹੀ ਸੀ ਤੇ ਸੂਬੇ ਦੀਆਂ ਕੁੱਲ 13 ਸੀਟਾਂ ਵਿੱਚੋਂ ਸੱਤਾਧਾਰੀ ਧਿਰ ਸਿਰਫ਼ 3 ਹੀ ਜਿੱਤ ਸਕੀ ਸੀ। ਕਾਂਗਰਸ ਨੇ ਸੂਬੇ ਦੀ ਸੱਤਾ ਵਿੱਚੋਂ ਬਾਹਰ ਹੋਣ ਦੇ ਬਾਵਜੂਦ ਸੱਤ ਸੀਟਾਂ ਜਿੱਤੀਆਂ ਸਨ। ਦੋ ਸੀਟਾਂ ਆਜ਼ਾਦ ਉਮੀਦਵਾਰਾਂ ਨੂੰ ਮਿਲੀਆਂ ਸਨ ਅਤੇ ਇੱਕ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਪਈ ਸੀ।

ਇਹ ਨਤੀਜੇ ਉਦੋਂ ਆਏ ਹਨ ਜਦੋਂ 'ਆਪ' ਨੇ ਅਮਨ ਅਰੋੜਾ ਨੂੰ ਆਪਣਾ ਸੂਬਾ ਪ੍ਰਧਾਨ ਥਾਪਿਆ ਹੈ ਅਤੇ ਸ਼ਹਿਰੀ ਤੇ ਹਿੰਦੂ ਵੋਟ ਪੱਕੀ ਕਰਨ ਵੱਲ ਤੁਰਨ ਦਾ ਸੰਕੇਤ ਦਿੱਤਾ ਹੈ। ਹਾਲਾਂਕਿ, ਸੱਤਾਧਾਰੀ 'ਆਪ' ਨੂੰ ਕਾਰਜਕਾਲ ਦੇ ਅੱਧ 'ਚ ਜ਼ਮੀਨੀ ਅਸਲੀਅਤ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ, ਜਿਸ ਦੇ ਮੱਦੇਨਜ਼ਰ ਸੋਚ-ਵਿਚਾਰ ਕੇ ਅੱਗੇ ਵਧਣ ਦੀ ਜ਼ਰੂਰਤ ਹੈ। ਨਸ਼ਿਆਂ, ਵਿੱਤੀ ਅਸਥਿਰਤਾ ਤੇ ਖੇਤੀ ਸੰਕਟ ਵਰਗੇ ਮੁੱਦੇ ਗੰਭੀਰ ਬਣੇ ਹੋਏ ਹਨ ਤੇ ਮਹਿਜ਼ ਚੁਣਾਵੀ ਜਿੱਤਾਂ ਨੀਤੀਗਤ ਹੱਲਾਂ ਦਾ ਬਦਲ ਨਹੀਂ ਬਣ ਸਕਦੀਆਂ। ਹਾਲਾਂਕਿ ਇਸ ਜਿੱਤ ਤੋਂ ਅਜਿਹਾ ਵੀ ਲੱਗਦਾ ਹੈ ਕਿ ਪਾਰਟੀ ਨੇ ਸੱਤਾ ਵਿਰੋਧੀ ਲਹਿਰ ਦੇ ਬਿਰਤਾਂਤ ਨੂੰ ਪਛਾੜਿਆ ਹੈ। ਫਿਲਹਾਲ ਚਾਰ ਵਿੱਚੋਂ ਤਿੰਨ ਹਲਕਿਆਂ 'ਚ ਮਿਲੀ ਜਿੱਤ ਨਾਲ ਪਾਰਟੀ ਆਗੂਆਂ ਤੇ ਵਰਕਰਾਂ ਦਾ ਹੌਸਲਾ ਜ਼ਰੂਰ ਬੁਲੰਦ ਹੋਇਆ ਹੋਵੇਗਾ। 'ਆਪ' ਨੇ ਅਕਾਲੀ ਦਲ ਦੀ ਗ਼ੈਰ-ਹਾਜ਼ਰੀ 'ਚ ਮੁੱਖ ਵਿਰੋਧੀ ਧਿਰ ਕਾਂਗਰਸ ਤੋਂ ਤਿੰਨ ਸੀਟਾਂ ਖੋਹ ਲਈਆਂ ਹਨ, ਜਿਸ ਨਾਲ ਵਿਧਾਨ ਸਭਾ ਵਿੱਚ ਇਸ ਦੇ ਵਿਧਾਇਕਾਂ ਦੀ ਗਿਣਤੀ ਵੀ 94 ਹੋ ਗਈ ਹੈ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਮੁਤਾਬਿਕ ਲੋਕਾਂ ਨੇ ਦੂਜੀ ਵਾਰ ਪਾਰਟੀ ਨੂੰ ਚੁਣਿਆ ਹੈ, ਜਿਸ ਦਾ ਮਤਲਬ ਹੈ ਕਿ ਇਹ ਚੰਗਾ ਕੰਮ ਕਰ ਰਹੀ ਹੈ। ਕੇਜਰੀਵਾਲ ਨੇ ਇਨ੍ਹਾਂ ਜ਼ਿਮਨੀ ਚੋਣਾਂ ਨੂੰ ਸਿਰਫ਼ ਪੰਜਾਬ ਲਈ ਹੀ ਨਹੀਂ ਬਲਕਿ ਦਿੱਲੀ ਲਈ ਵੀ ਮਹੱਤਵਪੂਰਨ ਦੱਸਿਆ ਹੈ। ਸਾਬਕਾ ਮੁੱਖ ਮੰਤਰੀ ਨੇ ਪੰਜਾਬ ਦੀਆਂ ਚੋਣਾਂ ਨੂੰ ਦਿੱਲੀ ਦੀਆਂ ਚੋਣਾਂ ਦਾ ਸੈਮੀਫਾਈਨਲ ਕਰਾਰ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਉਹ ਚੋਣਾਂ 'ਚ ਕੀਤੇ ਸਾਰੇ ਵਾਅਦੇ ਪੂਰੇ ਕਰਨਗੇ। ਦੋਵਾਂ ਦਾ ਕਹਿਣਾ ਹੈ ਕਿ ਲੋਕਾਂ ਨੇ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਵੋਟ ਪਾਈ ਹੈ। ਜ਼ਿਮਨੀ ਚੋਣਾਂ ਦੇ ਨਤੀਜੇ ਨਾ ਕੇਵਲ ਚੁਣਾਵੀ ਰਣਨੀਤੀ ਦਾ ਸਬਕ ਦਿੰਦੇ ਹਨ, ਪਰ ਨਾਲ ਹੀ ਇੱਕ ਅਜਿਹੇ ਸ਼ਾਸਨ ਪ੍ਰਬੰਧ ਦੀ ਲੋੜ ਉੱਤੇ ਵੀ ਜ਼ੋਰ ਦਿੰਦੇ ਹਨ ਜੋ ਢਾਂਚਾਗਤ ਚੁਣੌਤੀਆਂ ਦਾ ਹੱਲ ਕੱਢੇ ਅਤੇ ਰਾਜ ਦੇ ਲੋਕਾਂ ਦੀਆਂ ਖ਼ਾਹਿਸ਼ਾਂ 'ਤੇ ਵੀ ਖ਼ਰਾ ਉੱਤਰੇ।

ਕਣਕ ਦੀ ਗੁਲਾਬੀ ਸੁੰਡੀ ਤੋਂ ਘਬਰਾਉਣ ਦੀ ਨਹੀਂ, ਸਮੇਂ ਸਿਰ ਇਲਾਜ ਕਰਨ ਦੀ ਜਰੂਰਤ : ਡਾ ਜਗਦੀਸ਼ ਸਿੰਘ

ਬਰਨਾਲਾ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਖੇਤੀਬਾੜੀ ਅਫ਼ਸਰ ਡਾ. ਜਗਦੀਸ਼ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਫਸਲਾਂ ਦੇ ਸਰਵੇਖਣ ਲਈ ਪੈਸਟ ਸਰਵੇਲੈਂਸ ਟੀਮਾਂ ਦਾ ਗਠਨ ਕੀਤਾ ਗਿਆ ਹੈ ਜੋ ਸਮੇਂ ਸਮੇਂ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਫਸਲ ਦਾ ਸਰਵੇਖਣ ਕਰ ਰਹੀਆਂ ਹਨ, ਉਨਾਂ ਦੱਸਿਆ ਕਿ ਕਣਕ ਦੀ ਫਸਲ ਨੂੰ ਪਹਿਲਾ ਪਾਣੀ ਲਾਉਣ ਤੋਂ ਪਹਿਲਾਂ ਫਸਲ ਦਾ ਨਿਰੰਤਰ ਨਿਰੀਖਣ ਕੀਤਾ ਜਾਵੇ, ਜੇਕਰ ਕਣਕ ਦੀ ਫਸਲ ਉੱਪਰ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਕਾਗਾਰ ਤੋਂ ਜਿਆਦਾ ਹੋਵੇ ਤਾਂ ਪਹਿਲਾਂ ਪਾਣੀ ਲਾਉਣ ਤੋਂ ਪਹਿਲਾਂ 7 ਕਿਲੋ ਫਿਪਰੋਨਿਲ ਜਾਂ ਇੱਕ ਲਿਟਰ ਕਲੋਰੋਪਾਈਰੀਫਾਸ ਨੂੰ 20 ਈ ਸੀ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਰਲਾ ਕੇ ਛਿਟਾ ਦੇ ਦਿਉ।

ਉਨਾਂ ਦੱਸਿਆ ਕਿ ਕਣਕ ਦੀ ਫਸਲ ਨੂੰ ਦਿਨ ਸਮੇਂ ਪਹਿਲਾ ਪਾਣੀ ਲਗਾਉਣ ਨੂੰ ਤਰਜੀਹ ਦਿਉ ਤਾਂ ਜੋ ਪੰਛੀ ਵੱਧ ਤੋਂ ਵੱਧ ਸੁੰਡੀਆਂ ਦਾ ਸ਼ਿਕਾਰ ਕਰ ਸਕਣ। ਉਨ੍ਹਾਂ ਦੱਸਿਆ ਕਿ ਜੇਕਰ ਪਹਿਲਾ ਪਾਣੀ ਲਾਉਣ ਤੋਂ ਬਾਅਦ ਸੁੰਡੀ ਦਾ ਹਮਲਾ ਦਿਖਾਈ ਦਿੰਦਾ ਹੈ ਤਾਂ 50 ਮਿਲੀ ਲਿਟਰ ਕਲੋਰਐਂਟਰਾਨਿਲੀਪਰੋਲ(ਕੋਰਾਜਿਨ) 18.5 ਐਸ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕੀਤਾ ਜਾਵੇ।

ਮੁੱਖ ਖੇਤੀਬਾੜੀ ਅਫਸਰ ਨੇ ਜਾਣਕਾਰੀ ਦਿਦਿਆਂ ਕਿਹਾ ਕਿ ਗੁਲਾਬੀ ਸੁੰਡੀ ਤਾਂ ਹਰ ਤਰ੍ਹਾਂ ਦੀ ਤਕਨੀਕ ਨਾਲ ਬਿਜਾਈ ਕੀਤੀ ਗਈ ਕਣਕ ਦੀ ਫਸਲ ਉੱਪਰ ਆ ਸਕਦੀ ਹੈ । ਸਾਲ 2024 ਦੌਰਾਨ ਜ਼ਿਲ੍ਹੇ ਦੇ ਬਹੁਤੇ ਕਿਸਾਨਾਂ ਵੱਲੋਂ ਇਨ ਸਿਟੂ ਮਸੀਨਾਂ ਜਿਵੇਂ ਕਿ ਸੁਪਰ ਸੀਡਰ, ਹੈਪੀਸੀਡਰ, ਸਮਾਰਟ ਸੀਡਰ ਤੇ ਹੋਰ ਮਸ਼ੀਲਾਂ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕੀਤੀ ਗਈ ਹੈ, ਇਸ ਸਮੇਂ ਕਿਸਾਨਾਂ ਵਿੱਚ ਕਣਕ ਦੀ ਫਸਲ 'ਤੇ ਗੁਲਾਬੀ ਸੁੰਡੀ ਨੂੰ ਲੈ ਕੇ ਇੱਕ ਡਰ ਬਣਿਆ ਹੋਇਆ ਹੈ। ਉਹਨਾਂ ਕਿਹਾ ਕਿ ਜਿਥੇ ਕਿਤੇ ਵੀ ਫਸਲ 'ਤੇ ਕੋਈ ਪੈਸਟ ਦਾ ਹਮਲੇ ਦੇ ਆਸਾਰ ਨਜਰ ਆਏ , ਉਥੇ ਕਿਸਾਨਾਂ ਨੂੰ ਆਪਣੇ ਆਪਣੇ ਬਲਾਕ ਖੇਤੀਬਾੜੀ ਅਫਸਰ ਜਾਂ ਸਰਕਲ ਦੇ ਖੇਤੀਬਾੜੀ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਕੇ ਇਸ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ ਤੇ ਖੇਤੀਬਾੜੀ ਅਧਿਕਾਰੀਆਂ ਦੀ ਸਲਾਹ ਨਾਲ ਹੀ ਕੀੜੇਮਾਰ ਦਵਾਈਆਂ ਦੀ ਵਰਤੋਂ ਕੀਤੀ ਜਾਵੇ ।

ਉਹਨਾਂ ਕਿਹਾ ਕਿ ਕਿਸਾਨਾਂ ਨੂੰ ਗੁਲਾਬੀ ਸੁੰਡੀ ਤੋਂ ਘਬਰਾਉਣ ਦੀ ਲੋੜ ਨਹੀਂ ਸਗੋਂ ਸਮੇਂ ਸਿਰ ਸਮਝਦਾਰੀ ਨਾਲ ਖੇਤੀਬਾੜੀ ਮਾਹਰਾਂ ਦੀ ਸਿਫਾਰਿਸ਼ ਅਨੁਸਾਰ ਪੰਜਾਬ ਖੇਤੀਬਾੜੀ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਸਿਫਾਰਿਸ਼ਸ਼ੁਦਾ ਤਕਨੀਕਾਂ ਵਰਤ ਕੇ ਇਲਾਜ ਕਰਨ ਦੀ ਜਰੂਰਤ ਹੈ।

ਉਹਨਾਂ ਕਿਹਾ ਕਿ ਗੁਲਾਬੀ ਸੁੰਡੀ ਜਦੋਂ ਝੋਨੇ ਦੀ ਫਸਲ ਵਿੱਚ ਹੁੰਦੀ ਹੈ ਤਾਂ ਫਸਲ ਦੀ ਕਟਾਈ ਉਪਰੰਤ ਝੋਨੇ ਦੇ ਮੁੱਢਾਂ ਵਿੱਚ ਲੁਕ ਕੇ ਮਿੱਟੀ ਵਿੱਚ ਨਿਵਾਸ ਕਰਦੀ ਹੈ। ਇਹ ਸੁੰਡੀ ਦੇ ਮਾਦਾ ਪਤੰਗੇ ਤਣੇ ਦੁਆਲੇ ਪੱਤੇ ਵਿੱਚ ਅੰਡੇ ਦਿਦਿਆਂ ਹਨ ਜਿਸ ਵਿੱਚੋਂ ਮੌਸਮ ਦੇ ਹਿਸਾਬ ਨਾਲ 6—7 ਦਿਨਾਂ ਬਾਅਦ ਸੁੰਡੀਆਂ ਨਿਕਲ ਕੇ ਤਣੇ ਵਿੱਚ ਮੋਰੀ ਕਰਕੇ ਤਣਾ ਅੰਦਰਲਾ ਮਾਦਾ ਖਾਦੀਆਂ ਹਨ। ਸੁੰਡੀਆਂ ਦੁਆਰਾ ਤਣੇ ਅੰਦਰਲਾ ਮਾਦਾ ਖਾਣ ਨਾਲ ਮੁੱਖ ਸਾਖ ਸੁੱਕ ਜਾਂਦੀ ਹੈ ਅਤੇ ਬੂਟਾ ਪੀਲਾ ਪੈ ਕੇ ਸੁੱਕ ਜਾਂਦਾਂ ਹੈ।

ਉਨਾਂ ਦੱਸਿਆ ਕਿ ਸੁੰਡੀ ਦਾ ਹਮਲਾ ਆਰਥਿਕ ਕਾਗਾਰ ਤੋਂ ਉੱਪਰ ਨਾ ਜਾਵੇ ਮਤਲਬ ਕਿ ਜੇਕਰ ਹਮਲਾ ਜਿਆਦਾ ਹੈ ਤਾਂ ਕੀਟਨਾਸਕਾਂ ਦੀ ਵਰਤੋਂ ਕਰੋ। ਕਈ ਵਾਰ ਜੇਕਰ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ ਤਾਂ ਸੁੰਡੀ ਕਣਕ ਦੀ ਫਸਲ ਦਾ ਕਾਫੀ ਨੁਕਸਾਨ ਕਰ ਦਿੰਦੀ ਹੈ।

ਉਹਨਾਂ ਵਧੇਰੇ ਜਾਣਕਾਰੀ ਦਿਦਿਆਂ ਕਿਹਾ ਕਿ ਗੁਲਾਬੀ ਸੁੰਡੀ ਦਾ ਇੱਕ ਸੌਖਾ ਇਲਾਜ ਬੀਜ ਸੋਧਣਾ ਹੈ, ਜਿੰਨਾ ਕਿਸਾਨਾਂ ਨੇ ਬਾਸਮਤੀ ਵਾਲੇ ਖੇਤਾਂ ਵਿੱਚ ਕਣਕ ਦੀ ਬਿਜਾਈ ਕਰਨੀ ਹੈ, ਉਹ ਬੀਜ ਨੂੰ ਬਿਜਾਈ ਤੋਂ ਪਹਿਲਾਂ ਜਰੂਰ ਸੋਧ ਲੈਣ।

ਉਹਨਾਂ ਦੱਸਿਆ ਕਿ ਬੀਜ ਸੋਧਣ ਲਈ ਬੀਜ ਨੂੰ ਬਿਜਾਈ ਤੋਂ ਪਹਿਲਾਂ ਕੀਟਨਾਸਕਾਂ ਜਿਵੇਂ ਕਿ 160 ਮਿਲੀਲੀਟਰ ਕਲੋਰੋਪਾਈਰੋਫਾਸ ਜਾਂ 80 ਮਿਲੀ ਲੀਟਰ ਇਮਿਡਾਕਲੋਪ੍ਰਿਡ ਹੈਕਾਸਮਾਕੋਨਾਜੋਲ ਪ੍ਰਤੀ 40 ਕਿਲੋ ਬੀਜ ਨਾਲ ਸੋਧ ਕੇ ਬਿਜਾਈ ਕਰੋ। ਇਹਨਾਂ ਕੀਟਨਾਸ਼ਕ ਨੂੰ ਇੱਕ ਲੀਟਰ ਪਾਣੀ ਵਿੱਚ ਘੋਲ ਕੇ 40 ਕਿਲੋ ਬੀਜ ਦੀ ਪੱਕੇ ਫਰਸ਼ ਜਾਂ ਤਰਪਾਲ ਜਾਂ ਪਲਾਸਟਿਕ ਦੀ ਸੀਟ 'ਤੇ ਪਤਲੀ ਤਹਿ ਵਿਛਾਅ ਕ

ਤਾਂਬੇ ਦੇ ਬਰਤਨ 'ਚ ਪਾਣੀ ਪੀਣ ਦੇ ਫ਼ਾਇਦੇ

ਤਾਂਬੇ ਦੇ ਬਰਤਨ 'ਚ ਐਂਟੀ-ਆਕਸੀਡੈਂਟ ਤੱਤ ਪਾਣੀ 'ਚ ਹੋਣ ਵਾਲੇ ਬੈਕਟੀਰੀਆ ਨੂੰ ਨਸ਼ਟ ਕਰ ਕੇ ਪਾਣੀ ਨੂੰ ਸਾਫ਼ ਕਰਦੇ ਹਨ ਜਿਸ ਕਰਕੇ ਸਰੀਰ ਇਨਫੈਕਸ਼ਨ ਤੋਂ ਦੂਰ ਰਹਿੰਦਾ ਹੈ...

ਪਾਣੀ ਸਾਡੇ ਸਰੀਰ ਲਈ ਬਹੁਤ ਹੀ ਜ਼ਰੂਰੀ ਹੈ। ਸਰੀਰ ਦਾ ਲਗਪਗ 70 ਫ਼ੀਸਦੀ ਭਾਗ ਪਾਣੀ ਨਾਲ ਹੀ ਬਣਿਆ ਹੈ। ਇਸ ਨਾਲ ਸਰੀਰ 'ਚੋਂ ਵਾਧੂ ਪਦਾਰਥ ਬਾਹਰ ਕੱਢਣ 'ਚ ਮਦਦ ਕਰਦੇ ਹਨ ਤੇ ਸਰੀਰ ਨੂੰ ਕਈ ਬਿਮਾਰੀਆਂ ਤੋਂ ਦੂਰ ਕਰਦਾ ਹੈ। ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਸਰੀਰ ਨੂੰ ਦੁੱਗਣਾ ਫ਼ਾਇਦਾ ਮਿਲਦਾ ਹੈ। ਤਾਂਬੇ ਦੇ ਬਰਤਨ 'ਚ ਐਂਟੀ-ਆਕਸੀਡੈਂਟ ਤੱਤ ਪਾਣੀ 'ਚ ਹੋਣ ਵਾਲੇ ਬੈਕਟੀਰੀਆ ਨੂੰ ਨਸ਼ਟ ਕਰ ਕੇ ਪਾਣੀ ਨੂੰ ਸਾਫ਼ ਕਰਦੇ ਹਨ ਜਿਸ ਨਾਲ ਸਰੀਰ ਇਨਫੈਕਸ਼ਨ ਤੋਂ ਦੂਰ ਰਹਿੰਦਾ ਹੈ।

ਪਾਚਨ ਕਿਰਿਆ

ਗ਼ਲਤ ਤੇ ਅਸੰਤੁਲਿਤ ਖਾਣਾ ਖਾਣ ਕਰਕੇ ਪਾਚਨ ਕਿਰਿਆ ਖ਼ਰਾਬ ਹੋ ਜਾਂਦੀ ਹੈ। ਜਿਸ ਨਾਲ ਪੇਟ ਸਬੰਧੀ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਰ ਰੋਜ਼ ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਪੇਟ ਸਾਫ਼ ਤੇ ਪਾਚਨ ਕਿਰਿਆ ਠੀਕ ਰਹਿੰਦੀ ਹੈ।

ਭਾਰ ਘਟਣਾ

ਅੱਜਕੱਲ੍ਹ ਬਹੁਤ ਸਾਰੇ ਲੋਕ ਮੋਟਾਪੇ ਦੇ ਸ਼ਿਕਾਰ ਹੋ ਚੁੱਕੇ ਹਨ। ਘਰ ਦਾ ਖਾਣਾ ਛੱਡ ਕੇ ਬਾਹਰਲੇ ਜੰਕ ਫੂਡ ਨੂੰ ਪਹਿਲ ਦੇਣੀ। ਜਿਸ ਨਾਲ ਭਾਰ ਵਧਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਇਸ ਖ਼ਤਰੇ ਤੋਂ ਮੁਕਤ ਹੋਣ ਲਈ ਰੋਜ਼ ਰਾਤ ਨੂੰ ਤਾਂਬੇ ਦੇ ਬਰਤਨ 'ਚ ਪਾਣੀ ਪਾ ਕੇ ਰੱਖੋ ਤੇ ਸਵੇਰੇ ਉੱਠ ਕੇ ਉਸ ਪਾਣੀ ਦਾ ਸੇਵਨ ਕਰੋ। ਇਸ ਨਾਲ ਵਜ਼ਨ ਘੱਟ ਹੋਵੇਗਾ ਤੇ ਹੋਰ ਵੀ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲੇਗਾ।

ਪੇਟ ਦੇ ਅਲਸਰ

ਕਈ ਲੋਕਾਂ ਦੇ ਪੇਟ 'ਚ ਛਾਲਿਆਂ ਜਾਂ ਅਲਸਰ ਦੀ ਸਮੱਸਿਆ ਆ ਜਾਂਦੀ ਹੈ। ਜਿਸ ਕਰ ਕੇ ਉਨ੍ਹਾਂ ਨੂੰ ਪੇਟ ਦਰਦ, ਕੁੱਝ ਨਾ ਪਚਣਾ, ਪੇਟ 'ਚ ਜਲਣ ਆਦਿ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦੀ ਸਮੱਸਿਆ 'ਚ ਰੋਜ਼ ਸਵੇਰੇ ਤਾਂਬੇ ਦੇ ਬਰਤਨ 'ਚ ਪਾਣੀ ਪੀਣ ਨਾਲ ਅਲਸਰ ਦੀ ਸਮੱਸਿਆ ਖ਼ਤਮ ਹੋ ਜਾਂਦੀ ਹੈ। ਜੇ ਸਰੀਰ ਦੇ ਕਿਸੇ ਵੀ ਅੰਗ 'ਤੇ ਸੱਟ ਲੱਗੀ ਹੋਵੇ ਤਾਂ ਇਸ ਪਾਣੀ ਦਾ ਸੇਵਨ ਕਰਨ ਨਾਲ ਜ਼ਖ਼ਮ ਜਲਦੀ ਠੀਕ ਹੋ ਜਾਂਦਾ ਹੈ।

ਇਨਫੈਕਸ਼ਨ ਨੂੰ ਰੱਖੇ ਦੂਰ

ਬਦਲਦੇ ਮੌਸਮ ਕਾਰਨ ਬਹੁਤ ਸਾਰੇ ਲੋਕਾਂ ਨੂੰ ਸਰਦੀ, ਜ਼ੁਕਾਮ, ਸਿਰ ਦਰਦ ਆਦਿ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਬਦਲਦੇ ਮੌਸਮ ਤੋਂ ਬਚਣ ਲਈ ਤਾਂਬੇ ਦੇ ਪਾਣੀ ਦਾ ਇਸਤੇਮਾਲ ਕਰੋ ਇਹ ਸਿਹਤ ਲਈ ਕਾਫ਼ੀ ਲਾਭਕਾਰੀ ਹੈ। •

ਦਰਦ ਨਿਵਾਰਕ ਹੈ ਜੈਤੂਨ ਦਾ ਤੇਲ

ਗਰਦਨ ਸਰੀਰ ਦਾ ਬਹੁਤ ਹੀ ਕੋਮਲ ਤੇ ਅਹਿਮ ਭਾਗ ਹੁੰਦਾ ਹੈ। ਲਗਾਤਾਰ ਝੁਕ ਕੇ ਕੰਮ ਕਰਨਾ, ਲੰਬੇ ਸਮੇਂ ਤਕ ਇਕ ਹੀ ਸਥਿਤੀ 'ਚ ਬੈਠੇ ਰਹਿਣਾ, ਕੰਪਿਊਟਰ 'ਤੇ ਲੰਬੇ ਸਮੇਂ ਤਕ ਕੰਮ ਕਰਨਾ, ਮੋਟਾ ਸਿਰਹਾਣਾ ਲੈ ਕੇ ਸੌਣਾ ਆਦਿ ਅਜਿਹੇ ਕਾਰਨ ਹਨ ਜੋ ਗਰਦਨ 'ਚ ਜਕੜਨ ਅਤੇ ਦਰਦ ਦੀ ਸ਼ਿਕਾਇਤ ਪੈਦਾ ਕਰ ਸਕਦੇ ਹਨ। ਜੈਤੂਨ ਦੇ ਤੇਲ ਦੀ ਮਾਲਿਸ਼ ਨਾਲ ਇਸ ਦਰਦ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਘਰੇਲੂ ਨੁਸਖ਼ੇ ਨਾਲ ਤੁਸੀਂ ਅਜਿਹੀ ਦਰਦ ਤੋਂ ਰਾਹਤ ਪਾ ਸਕਦੇ ਹੋ।

ਜੈਤੂਨ ਦਾ ਤੇਲ : ਜੈਤੂਨ ਦਾ ਤੇਲ ਬੇਹੱਦ ਗੁਣਕਾਰੀ ਹੁੰਦਾ ਹੈ। ਦਰਦ ਨੂੰ ਘਰ ਬੈਠੇ ਠੀਕ ਕਰਨ ਲਈ ਇਹ ਲਾਭਕਾਰੀ ਹੈ। ਇਸ ਨਾਲ ਰੋਜ਼ਾਨਾ ਦੋ ਵਾਰ ਗਰਦਨ ਦੀ ਹਲਕੀ ਮਾਲਿਸ਼ ਕਰੋ।

ਨਮਕ : ਨਮਕ ਵਿਚ ਮੈਗਨੀਸ਼ੀਅਮ ਸਲਫੇਟ ਹੁੰਦਾ ਹੈ, ਜੋ ਕੁਦਰਤੀ ਢੰਗ ਨਾਲ ਦਰਦ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ।

ਮਿਸ਼ਰਣ ਤਿਆਰ ਕਰਨ ਦੀ ਵਿਧੀ : ਇਕ ਕਟੋਰੀ ਜਾਂ ਕੱਚ ਦੀ ਸ਼ੀਸ਼ੀ 'ਚ ਜੈਤੂਨ ਦਾ ਤੇਲ ਅਤੇ ਨਮਕ ਪਾ ਕੇ ਚੰਗੀ ਤਰ੍ਹਾਂ ਮਿਲਾ ਲਵੋ। ਇਸ ਨੂੰ ਬੰਦ ਕਰ ਕੇ ਕੁੱਝ ਸਮੇਂ ਲਈ ਰੱਖ ਦਿਓ। ਇਸ ਨਾਲ ਤੇਲ ਦਾ ਰੰਗ ਹਲਕਾ ਪੀਲਾ ਹੋ ਜਾਵੇਗਾ। ਇਸ ਤੇਲ ਦੀ 2-3 ਮਿੰਟ ਤਕ ਗਰਦਨ ਉੱਪਰ ਹਲਕੀ ਮਸਾਜ ਕਰੋ। ਇਸ ਨਾਲ ਗਰਦਨ ਦੇ ਦਰਤ ਤੋਂ ਰਾਹਤ ਮਿਲੇਗੀ। •

ਨਾਸ਼ਤੇ 'ਚ ਜ਼ਰੂਰ ਕਰੋ ਇਨ੍ਹਾਂ ਚੀਜ਼ਾਂ ਦੀ ਵਰਤੋਂ

ਬਹੁਤ ਸਾਰੇ ਲੋਕ ਆਪਣੀ ਜ਼ਿੰਦਗੀ 'ਚ ਰੁਝੇਵਿਆਂ ਕਾਰਨ ਖਾਣ-ਪੀਣ ਦਾ ਖ਼ਿਆਲ ਨਹੀਂ ਰੱਖਦੇ। ਸਿਹਤਮੰਦ ਰਹਿਣ ਲਈ ਦਿਨ ਦੀ ਸ਼ੁਰੂਆਤ ਭਾਰੀ ਨਾਸ਼ਤੇ ਨਾਲ ਕਰੋ। ਨਾਸ਼ਤੇ 'ਚ ਉਨ੍ਹਾਂ ਚੀਜ਼ਾਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ ਜਿਨ੍ਹਾਂ ਨਾਲ ਸਰੀਰ ਨੂੰ ਭਰਪੂਰ ਐਨਰਜੀ ਮਿਲੇ ਅਤੇ ਸਾਰਾ ਦਿਨ ਤੁਸੀਂ ਫਰੈਸ਼ ਮਹਿਸੂਸ ਕਰ ਸਕੋ।

ਆਂਡੇ

ਅੰਡੇ ਨੂੰ ਉਬਾਲ ਕੇ, ਭੁਰਜੀ ਜਾਂ ਸੈਂਡਵਿਚ ਆਦਿ ਬਣਾ ਕੇ ਬਰਾਊਨ ਬਰੈੱਡ ਨਾਲ ਖਾਓ। ਇਸ ਨਾਲ ਤੁਹਾਡੇ ਸਰੀਰ 'ਚ ਸਾਰੇ ਪੌਸ਼ਟਿਕ ਤੱਤਾਂ ਦੀ ਘਾਟ ਵੀ ਪੂਰੀ ਹੋਵੇਗੀ ਤੇ ਐਨਰਜੀ ਵੀ ਮਿਲੇਗੀ।

ਬਰਾਊਨ ਬਰੈੱਡ

ਨਾਸ਼ਤੇ 'ਚ ਬਰਾਊਨ ਬਰੈੱਡ ਨੂੰ ਆਮਲੇਟ ਨਾਲ ਖਾਓ। ਇਸ ਨਾਲ ਤੁਹਾਡੇ ਪੇਟ 'ਚ ਗੈਸ ਸਬੰਧੀ ਸਮੱਸਿਆ ਦੂਰ ਹੋ ਜਾਂਦੀ ਹੈ ਤੇ ਤੁਸੀਂ ਪੂਰਾ ਦਿਨ ਆਰਾਮ ਨਾਲ ਕੰਮ ਕਰ ਸਕਦੇ ਹੋ।

ਸੈਲਮਨ ਮੱਛੀ

ਫੈਟੀ ਐਸਿਡਜ਼ ਨਾਲ ਭਰਪੂਰ ਸੈਲਮਨ ਮੱਛੀ ਦਾ ਸੇਵਨ ਨਾਸ਼ਤੇ 'ਚ ਕਰਨ ਨਾਲ ਸੋਜ਼, ਹੱਡੀਆਂ, ਗਠੀਆ ਤੇ ਕੈਂਸਰ ਆਦਿ ਦੇ ਖ਼ਤਰੇ ਤੋਂ ਬਚਾਅ ਰਹਿੰਦਾ ਹੈ।

ਅੰਗੂਰ ਜਾਂ ਆਨਾਰ

ਸਵੇਰ ਨੂੰ ਅੰਗੂਰ ਜਾਂ ਆਨਾਰ ਦਾ ਜੂਸ ਪੀਣ ਨਾਲ ਤੁਸੀਂ ਸਿਹਤਮੰਦ ਤਾਂ ਰਹਿੰਦੇ ਹੀ ਹੋ, ਨਾਲ ਹੀ ਇਸ ਨਾਲ ਸਾਰਾ ਦਿਨ ਐਨਰਜੀ ਵੀ ਮਿਲਦੀ ਹੈ।

ਦਹੀਂ

ਦਹੀ ਨੂੰ ਨਾਸ਼ਤੇ 'ਚ ਖਾਣ ਨਾਲ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ। ਤੇ ਕਈ ਬਿਮਾਰੀਆਂ ਤੋਂ ਛੁਟਕਾਰਾ ਮਿਲਦਾ ਹੈ। •

ਡੇਂਗੂ, ਲੱਛਣ ਤੇ ਇਲਾਜ

ਨਰੇਸ਼ ਪਠਾਣੀਆ

ਮੱਛਰਾਂ ਤੋਂ ਫੈਲਣ ਵਾਲੇ ਰੋਗਾਂ ਵਿੱਚੋਂ ਡੇਂਗੂ ਤੋਂ ਹਰ ਵਿਅਕਤੀ ਵਾਕਫ਼ ਹੈ। ਡੇਂਗੂ ਦਾ ਅਸਲ ਨਾਂ ਡੇਂਗੂ ਨਹੀਂ, ਡੇਂਗੀ ਹੈ। ਹਰੇਕ ਦੇ ਮਨ ਵਿਚ ਇਸ ਦਾ ਡਰ ਪੈਦਾ ਹੋ ਚੁੱਕਾ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੇ ਲੋਕ ਇਸ ਦਾ ਡੰਗ ਸਹਿ ਰਹੇ ਹਨ। ਬਰਸਾਤੀ ਮੌਸਮ 'ਚ ਡੇਂਗੂ ਦੇ ਨਾਲ-ਨਾਲ ਵਾਇਰਲ ਬੁਖ਼ਾਰ ਤੇ ਮਲੇਰੀਆ ਮਨੁੱਖੀ ਸਿਹਤ 'ਤੇ ਹਮਲਾ ਕਰਦਾ ਹੈ। ਇਨ੍ਹਾਂ ਦਿਨਾਂ 'ਚ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿਚ ਡੇਂਗੂ ਬੁਖ਼ਾਰ ਵਾਲੇ ਮਰੀਜ਼ਾਂ ਦੀ ਗਿਣਤੀ ਕਾਫ਼ੀ ਵੱਧ ਗਈ ਹੈ।

ਕਾਰਨ

ਡੇਂਗੂ ਤੇ ਚਿਕਨਗੁਨੀਆ ਵਰਗੇ ਬੁਖ਼ਾਰਾਂ ਤੋਂ ਬਚਣ ਲਈ ਜੇ ਕੁੱਝ ਸਾਵਧਾਨੀਆਂ ਵਰਤ ਲਈਆਂ ਜਾਣ ਤਾਂ ਜਿਥੇ ਸਰੀਰਕ ਨੂੰ ਦੁੱਖ ਭੋਗਣ ਤੋਂ ਬਚਾਇਆ ਜਾ ਸਕਦਾ ਹੈ। ਆਰਥਿਕ ਪੱਖੋਂ ਹੁੰਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ। ਡੇਂਗੂ ਜਾਂ ਜਿਸ ਨੂੰ ਆਮ ਲੋਕ ਭਾਸ਼ਾ ਵਿਚ 'ਹੱਡੀ ਤੋੜ ਬੁਖ਼ਾਰ' ਵੀ ਕਹਿੰਦੇ ਹਨ। ਇਹ ਮੱਛਰ ਸਾਡੇ ਆਲੇ ਦੁਆਲੇ ਜਮਾਂ ਹੋਏ ਸਾਫ਼ ਪਾਣੀ ਵਿਚ ਪਲਦਾ ਹੈ। ਡੇਂਗੂ ਪੀੜਤ ਨੂੰ ਕੱਟਣ ਮਗਰੋਂ ਇਹ ਮੱਛਰ ਦੂਜੇ ਤੰਦਰੁਸਤ ਵਿਅਕਤੀ ਵਿਚ ਇਨਫੈਕਸ਼ਨ ਪੈਦਾ ਕਰਦਾ ਹੈ। ਇਹ ਮੱਛਰ ਦਿਨ ਵੇਲੇ ਹੀ ਡੰਗ ਮਾਰਦਾ ਹੈ ਅਤੇ 5-6 ਦਿਨਾਂ ਵਿਚ ਜਾਂ ਵੱਧ ਤੋਂ ਵੱਧ 10 ਦਿਨਾਂ ਵਿਚ ਇਸ ਬਿਮਾਰੀ ਦਾ ਸਾਹਮਣਾ ਕਰਨਾ ਪੈਂਦਾ ਹੈ। ਡੇਂਗੂ ਬੁਖ਼ਾਰ ਦੀਆਂ ਕਈ ਕਿਸਮਾਂ ਹਨ :

ਕਲਾਸਿਕ ਡੇਂਗੂ ਫੀਵਰ

ਡੇਂਗੂ ਦਾ ਮੱਛਰ ਸਾਫ਼ ਖੜੇ ਪਾਣੀ ਵਿਚ ਆਪਣੇ ਅੰਡੇ ਦਿੰਦਾ ਹੈ ਅਤੇ ਬਰਸਾਤ ਦੇ ਮੌਸਮ ਤੋਂ ਤੁਰੰਤ ਬਾਅਦ 16 ਤੋਂ 40 ਡਿਗਰੀ ਸੈਂਟੀਗਰੇਡ ਤਾਪਮਾਨ ਦੌਰਾਨ ਬੜੀ ਤੇਜ਼ੀ ਨਾਲ ਫੈਲਦਾ ਹੈ। 'ਕਲਾਸਿਕ ਡੇਂਗੂ ਫੀਵਰ' ਅਰਥਾਤ ਡੇਂਗੂ ਸਾਧਾਰਨ ਬੁਖ਼ਾਰ ਵਿਚ ਇਕ ਦਮ ਤੇਜ਼ ਬੁਖ਼ਾਰ, ਸਿਰ ਦਰਦ, ਅੱਖਾਂ ਦੇ ਪਿੱਛੇ ਦਰਦ, ਸਰੀਰ ਟੁੱਟਣਾ, ਮਾਸਪੇਸ਼ੀਆਂ ਅਤੇ ਹੱਡਾਂ ਵਿਚ ਦਰਦ ਕਾਰਨ ਇਸ ਬਿਮਾਰੀ ਨਾਲ ਬੰਦੇ ਦਾ ਹਿਲਣਾ-ਜੁੱਲਣਾ ਵੀ ਮੁਸ਼ਕਲ ਹੋ ਜਾਂਦਾ ਹੈ। ਭੁੱਖ ਨਾ ਲੱਗਣਾ ਅਤੇ ਥਕਾਨ ਮਹਿਸੂਸ ਹੋਣਾ, ਮੂੰਹ ਦਾ ਸਵਾਦ ਬਦਲ ਜਾਣਾ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣੀਆਂ, ਸਰੀਰ ਵਿਚ ਪਾਣੀ ਦੀ ਘਾਟ ਭਾਵ ਡੀਹਾਈਡ੍ਰੇਸ਼ਨ, ਸਰੀਰਕ ਅੰਗਾਂ ਉਪਰ ਲਾਲ ਰੰਗ ਦੇ ਦਾਣੇ ਨਿੱਕਲ ਸਕਦੇ ਹਨ।

ਡੇਂਗੂ ਸ਼ਾਕ ਸਿੰਡਰੋਮ

ਡੇਂਗੂ ਬੁਖ਼ਾਰ ਦੀ ਤੀਜੀ ਕਿਸਮ 'ਡੇਂਗੂ ਸ਼ਾਕ ਸਿੰਡਰੋਮ' ਵੀ ਗੰਭੀਰ ਹਾਲਤ ਹੈ। ਇਸ ਤਰ੍ਹਾਂ ਦੇ ਡੇਂਗੂ ਬੁਖ਼ਾਰ ਵਿਚ ਸ਼ਾਕ ਦੀ ਹਾਲਤ ਵਰਗੇ ਲੱਛਣ ਪ੍ਰਗਟ ਹੋ ਜਾਂਦੇ ਹਨ। ਰੋਗੀ ਵਿਚ ਬੇਹੋਸ਼ ਬੇਚੈਨੀ, ਚਮੜੀ ਠੰਢੀ ਮਹਿਸੂਸ ਹੁੰਦੀ ਹੈ। ਨਬਜ਼ ਤੇਜ਼ ਅਤੇ ਕਮਜ਼ੋਰੀ ਮਹਿਸੂਸ ਹੁੰਦੀ ਹੈ ਅਤੇ ਬੇਹੋਸ਼ੀ ਦੀ ਹਾਲਤ ਹੋ ਸਕਦੀ ਹੈ। ਤੁਰੰਤ ਡਾਕਟਰੀ ਇਲਾਜ ਕਰਵਾਉਣਾ ਚਾਹੀਦਾ ਹੈ।

ਰੋਕਥਾਮ

ਡੇਂਗੂ ਅਤੇ ਚਿਕਨਗੁਨੀਆ ਇਕੋ ਹੀ ਪ੍ਰਜਾਤੀ ਦੇ ਮੱਛਰ ਤੋਂ ਪੈਦਾ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਹਨ। ਮੱਛਰ ਨੂੰ ਪੈਦਾ ਹੋਣ ਤੋਂ ਰੋਕਣਾ ਅਤੇ ਮੱਛਰ ਦੇ ਕੱਟਣ ਤੋਂ ਆਪਣੇ ਆਪ ਨੂੰ ਬਚਾਉਣਾ ਹੀ ਸਭ ਤੋਂ ਵਧੀਆ ਇਲਾਜ ਅਤੇ ਪਰਹੇਜ ਹੈ। ਮੱਛਰਾਂ ਦੇ ਹਮਲੇ ਤੋਂ ਬਚਣ ਲਈ ਪੂਰੀ ਬਾਂਹ ਦੇ ਕੱਪੜੇ, ਮੱਛਰਦਾਨੀ, ਮੱਛਰਾਂ ਨੂੰ ਭਜਾਉਣ ਵਾਲੀਆਂ ਕਰੀਮਾਂ ਅਤੇ ਤੇਲ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ। ਡੇਂਗੂ ਦਾ ਲਾਰਵਾ ਪੈਦਾ ਨਾ ਹੋਵੇ ਇਸ ਲਈ ਕਿਸੇ ਵੀ ਥਾਂ ਪਾਣੀ ਨਾ ਖੜੇ ਇਸ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਟੋਏ ਟੱਬੇ ਮਿੱਟੀ ਨਾਲ ਭਰ ਕੇ ਸਫ਼ਾਈ ਰੱਖੋ। ਘਰਾਂ ਵਿਚ ਪਏ ਫਾਲਤੂ ਬਰਤਨਾਂ, ਟਾਇਰਾਂ, ਮਨੀ ਪਲਾਂਟ ਦੀਆਂ ਬੋਤਲਾਂ, ਪੰਛੀਆਂ ਦੇ ਪਾਣੀ ਪੀਣ ਵਾਲੇ ਕਟੋਰੇ, ਗਮਲਿਆਂ ਅਤੇ ਕੂਲਰਾਂ ਆਦਿ ਵਿਚ ਪਾਣੀ ਜ਼ਿਆਦਾ ਦੇਰ ਨਾ ਖੜ੍ਹਾ ਰਹਿਣ ਦਿੱਤਾ ਜਾਵੇ। ਇਨ੍ਹਾਂ ਦੀ ਚੰਗੀ ਤਰ੍ਹਾਂ ਸਾਫ਼ ਸਫ਼ਾਈ ਕੀਤੀ ਜਾਵੇ ਅਤੇ ਹਰ ਹਫ਼ਤੇ ਸ਼ੁੱਕਰਵਾਰ ਨੂੰ ਡਰਾਈ ਡੇਅ ਮਨਾਇਆ ਜਾਵੇ। ਦਫ਼ਤਰਾਂ, ਘਰਾਂ, ਦੁਕਾਨਾਂ, ਫਰਿੱਜ਼ਾਂ, ਏਸੀ ਜਾਂ ਕੂਲਰਾਂ ਦੀ ਸਫ਼ਾਈ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਖੁੱਲੇ ਮੂੰਹ ਵਾਲੀਆਂ ਓਵਰਹੈੱਡ ਪਾਣੀ ਵਾਲੀਆਂ ਟੰਕੀਆਂ ਨੂੰ ਪੂਰੀ ਤਰ੍ਹਾਂ ਢਕ ਕੇ ਰੱਖਣਾ ਤੇ ਸਮੇਂ-ਸਮੇਂ ਸਿਰ ਉਸ ਦੀ ਸਫ਼ਾਈ ਕਰਦੇ ਰਹਿਣਾ ਚਾਹੀਦਾ ਹੈ। ਪੂਰੀਆਂ ਬਾਂਹ ਵਾਲੀ ਕਮੀਜ਼ ਪਾਓ ਤੇ ਸਰੀਰ ਢਕ ਕੇ ਰੱਖੋ। ਆਥਣੇ ਜਾਂ ਤੜਕੇ ਪਾਰਕਾਂ ਵਿਚ ਸੈਰ ਕਰਦੇ ਸਮੇਂ ਪੈਰ, ਬਾਜ਼ੂ ਆਦਿ ਢਕ ਕੇ ਰੱਖੋ। ਬੱਚਿਆਂ ਦੇ ਪਹਿਰਾਵੇ ਦਾ ਖ਼ਾਸ ਖਿਆਲ ਰੱਖਿਆ ਜਾਵੇ। ਘਰਾਂ ਵਿਚ ਖਿੜਕੀ ਦਰਵਾਜ਼ੇ 'ਤੇ ਜਾਲੀਆਂ ਲੱਗੀਆਂ ਹੋਣ ਤਾਂ ਉਸ ਕਮਰੇ ਵਿਚ ਆਰਾਮ ਕੀਤਾ ਜਾਵੇ। ਸੌਣ ਵੇਲੇ ਮੱਛਰਦਾਨੀ ਦੀ ਵਰਤੋਂ ਕਰੋ। ਪਾਣੀ ਉਬਾਲ ਕੇ ਪੀਓ। ਦਰਦ ਬੁਖ਼ਾਰ ਘਟਾਉਣ ਲਈ ਕੇਵਲ ਪੈਰਾਸਿਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਬੁਖ਼ਾਰ ਹੋਣ ਦੀ ਹਾਲਤ ਵਿਚ ਕਦੇ ਵੀ ਐਸਪ੍ਰੀਨ, ਡਿਸਪ੍ਰੀਨ, ਬਰੂਫਿਨ ਜਾਂ ਕੋਈ ਹੋਰ ਗੋਲੀਆਂ ਨਾ ਲਈਆਂ ਜਾਣ। ਡੇਂਗੂ ਬੁਖ਼ਾਰ ਦੀ ਹਾਲਤ ਵਿਚ ਇਹ ਗੋਲੀਆਂ ਹਾਲਤ ਨੂੰ ਗੰਭੀਰ ਕਰ ਸਕਦੀਆਂ ਹਨ। ਦਵਾਈ ਡਾਕਟਰ ਦੀ ਸਲਾਹ ਨਾਲ ਹੀ ਲਈ ਜਾਵੇ। ਬੁਖ਼ਾਰ ਹੋਣ ਦੀ ਹਾਲਤ ਵਿਚ ਤੁਰੰਤ ਹਸਪਤਾਲ ਵਿਚ ਡਾਕਟਰੀ ਸਲਾਹ ਨਾਲ ਲੋੜੀਦੇ ਟੈਸਟ ਆਦਿ ਕਰਵਾ ਕੇ ਇਲਾਜ ਸ਼ੁਰੂ ਕਰਵਾਉਣਾ ਚਾਹੀਦਾ ਹੈ ਅਤੇ ਜ਼ਿਆਦਾ ਆਰਾਮ ਕਰਨਾ ਚਾਹੀਦਾ ਹੈ। ਸੁਣੇ ਸੁਣਾਏ ਘਰੇਲੂ ਇਲਾਜ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਰੋਗੀ ਦੀ ਖ਼ੁਰਾਕ

ਤਰਲ ਪਦਾਰਥ ਜ਼ਿਆਦਾ ਪੀਣੇ ਚਾਹੀਦੇ ਹਨ। ਆਸਾਨੀ ਨਾਲ ਪਚਣ ਵਾਲੇ ਭੋਜਨ ਪਦਾਰਥ, ਦੁੱਧ, ਫਲ, ਸਬਜ਼ੀਆਂ ਦਾ ਸੂਪ, ਨਾਰੀਅਲ ਪਾਣੀ, ਘਰ ਵਿਚ ਤਿਆਰ ਕਰਨਾ ਤਾਜ਼ੇ ਫਲਾਂ ਦਾ ਜੂਸ ਆਦਿ ਦਾ ਸੇਵਨ ਵੱਧ ਮਾਤਰਾ ਵਿਚ ਕਰਨਾ ਚਾਹੀਦਾ ਹੈ।

ਪਲੇਟਲੈੱਟਸ ਦਾ ਪੱਧਰ ਰਹੇ ਕਾਇਮ

ਸਰੀਰ ਵਿਚ ਖ਼ੂਨ ਦੇ ਪਲੇਟਲੈੱਟਸ ਸੈੱਲਾਂ ਦੀ ਘਾਟ ਨੂੰ ਪੂਰਾ ਕਰਨ ਲਈ ਆਪਣੇ ਮਿੱਤਰਾਂ, ਸਕੇ-ਸਬੰਧੀਆਂ ਨੂੰ ਪਹਿਲਾਂ ਹੀ ਕਹਿ ਕੇ ਰੱਖਣਾ ਚਾਹੀਦਾ ਹੈ ਕਿ ਖ਼ੂਨਦਾਨ ਲਈ ਕਦੇ ਵੀ ਜ਼ਰੂਰਤ ਪੈ ਸਕਦੀ ਹੈ। ਇਸ ਲਈ ਹਰੇਕ ਤੰਦਰੁਸਤ ਵਿਅਕਤੀ ਨੂੰ ਸਵੈ-ਇੱਛਾ ਨਾਲ ਖ਼ੂਨਦਾਨ ਲਈ ਅੱਗੇ ਆਉਣਾ ਚਾਹੀਦਾ ਹੈ। ਹੋ ਸਕੇ ਤਾਂ ਆਪਣਾ ਨਾਂ ਐਮਰਜੰਸੀ ਖ਼ੂਨਦਾਨ ਲਈ ਨੇੜਲੇ ਸਰਕਾਰੀ ਹਸਪਤਾਲ ਦੇ ਬਲੱਡ ਬੈਂਕ ਕੋਲ ਜਾਂ ਖ਼ੂਨਦਾਨ ਦੇ ਖ਼ੇਤਰ ਵਿਚ ਕੰਮ ਕਰਦੀ ਕਿਸੇ ਸਵੈ-ਸੇਵੀ ਸੰਸਥਾ ਕੋਲ ਰਜਿਸਟਰ ਕਰਵਾ ਦੇਣਾ ਚਾਹੀਦਾ ਹੈ। ਅਜਿਹੇ ਤਰੀਕਿਆਂ ਨਾਲ ਡੇਂਗੂ ਦੀ ਬਿਮਾਰੀ ਦੀ ਸਮੱਸਿਆ

ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਦਾ ਕੀਤਾ ਧੰਨਵਾਦ, ਜ਼ਿਮਨੀ ਚੋਣਾਂ ਵਿੱਚ ਜਿੱਤ ਦਾ ਸਿਹਰਾ ਪਾਰਟੀ ਵਰਕਰਾਂ ਨੂੰ ਦਿੱਤਾ

ਆਪ ਦੀਆਂ ਨੀਤੀਆਂ ਅਤੇ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਲੀਡਰਸ਼ਿਪ ਵਿੱਚ ਲੋਕਾਂ ਦਾ ਭਰੋਸਾ ਜ਼ਿਮਨੀ ਚੋਣ ਦੀ ਜਿੱਤ ਵਿੱਚ ਝਲਕਦਾ ਹੈ: ਅਮਨ ਅਰੋੜਾ

ਚੰਡੀਗੜ੍ਹ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਮਿਲੇ ਭਰਵੇਂ ਸਮਰਥਨ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਸ਼ਾਨਦਾਰ ਜਿੱਤ ਦਾ ਸਿਹਰਾ ਪਾਰਟੀ ਵਰਕਰਾਂ ਦੀ ਸਖ਼ਤ ਮਿਹਨਤ ਅਤੇ ਲਗਨ ਨੂੰ ਜਾਂਦਾ ਹੈ।

ਆਪ ਪੰਜਾਬ ਦੇ ਨਵ-ਨਿਯੁਕਤ ਪੰਜਾਬ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ 'ਚ ਪਾਰਟੀ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿਖੇ ਪ੍ਰੈੱਸ ਕਾਨਫ਼ਰੰਸ ਕੀਤੀ ਗਈ,ਜਿੱਥੇ ਉਨ੍ਹਾਂ ਦੇ ਨਾਲ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਕੈਬਨਿਟ ਮੰਤਰੀ ਹਰਜੋਤ ਬੈਂਸ ਅਤੇ ਹਰਭਜਨ ਸਿੰਘ ਈ.ਟੀ.ਓ., ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ, ਵਿਧਾਇਕ ਦਵਿੰਦਰਜੀਤ ਸਿੰਘ ਸਿੰਘ ਲਾਡੀ ਢੋਸ ਅਤੇ ਹੋਰ ਸੀਨੀਅਰ ਆਗੂ ਹਾਜ਼ਰ ਸਨ।

ਅਮਨ ਅਰੋੜਾ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਜ਼ਿਮਨੀ ਚੋਣਾਂ ਵਿੱਚ 'ਆਪ' ਦੇ ਉਮੀਦਵਾਰਾਂ ਨੂੰ ਚਾਰ ਵਿੱਚੋਂ ਤਿੰਨ ਹਲਕਿਆਂ ਵਿੱਚ ਨਿਰਨਾਇਕ ਜਿੱਤ ਦਿਵਾਉਣ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਨਤੀਜਾ ਸਾਬਤ ਕਰਦਾ ਹੈ ਕਿ ਪੰਜਾਬ ਦੇ ਲੋਕ 'ਆਪ' ਦੀ ਲੀਡਰਸ਼ਿਪ ਅਤੇ ਭ੍ਰਿਸ਼ਟਾਚਾਰ ਮੁਕਤ ਸਰਕਾਰ ਅਤੇ ਉਸ ਦੇ ਵਿਜ਼ਨ 'ਤੇ ਭਰੋਸਾ ਕਰਦੇ ਹਨ

ਅਰੋੜਾ ਨੇ ਜਿੱਤ ਦਾ ਸਿਹਰਾ ਪਾਰਟੀ ਵਰਕਰਾਂ, ਵਲੰਟੀਅਰਾਂ ਅਤੇ ਆਗੂਆਂ ਦੀ ਸਖ਼ਤ ਮਿਹਨਤ ਨੂੰ ਦਿੱਤਾ, ਜਿਨ੍ਹਾਂ ਨੇ ਇਸ ਜਿੱਤ ਨੂੰ ਯਕੀਨੀ ਬਣਾਉਣ ਲਈ ਆਪਣੇ ਨਿੱਜੀ ਸਮੇਂ ਅਤੇ ਸਰੋਤਾਂ ਦੇ ਖ਼ਰਚੇ 'ਤੇ ਅਣਥੱਕ ਪ੍ਰਚਾਰ ਕੀਤਾ। ਉਨ੍ਹਾਂ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਅਗਵਾਈ ਨੂੰ ਵੀ ਸਵੀਕਾਰ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਅਤੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਇੱਕਜੁੱਟ ਟੀਮ ਵਜੋਂ ਕੰਮ ਕਰਦੇ ਰਹਿਣ ਦਾ ਅਹਿਦ ਲਿਆ।

ਅਰੋੜਾ ਨੇ ਅੱਗੇ ਕਿਹਾ ਕਿ ਇਹ ਜਿੱਤ ਭ੍ਰਿਸ਼ਟਾਚਾਰ ਦੇ ਖ਼ਾਤਮੇ ਦੇ ਨਾਲ-ਨਾਲ ਪੰਜਾਬ ਦੀ ਸਿਹਤ ਸੰਭਾਲ, ਸਿੱਖਿਆ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਬਿਹਤਰ ਬਣਾਉਣ ਲਈ 'ਆਪ' ਦੀ ਵਚਨਬੱਧਤਾ ਲਈ ਲੋਕਾਂ ਦੇ ਮਜ਼ਬੂਤ ਸਮਰਥਨ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ 'ਆਪ' ਸੂਬੇ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਣ ਵਿੱਚ ਸਫਲ ਰਹੀ ਹੈ, ਜਿਵੇਂ ਕਿ ਮੁਫ਼ਤ ਬਿਜਲੀ, ਰਿਸ਼ਵਤ ਜਾਂ ਸਿਫ਼ਾਰਸ਼ਾਂ ਤੋਂ ਬਿਨਾਂ 48,000 ਨੌਕਰੀਆਂ ਅਤੇ ਸਿੱਖਿਆ ਅਤੇ ਸਿਹਤ ਸੰਭਾਲ ਖੇਤਰਾਂ ਵਿੱਚ ਮਹੱਤਵਪੂਰਨ ਨਿਵੇਸ਼। ਉਨ੍ਹਾਂ ਪਾਰਟੀ ਵਰਕਰਾਂ, ਵਲੰਟੀਅਰਾਂ ਅਤੇ ਲੀਡਰਸ਼ਿਪ ਦਾ ਪਾਰਟੀ ਦੀ ਜਿੱਤ ਲਈ ਉਨ੍ਹਾਂ ਦੇ ਅਣਥੱਕ ਯਤਨਾਂ ਲਈ ਧੰਨਵਾਦ ਵੀ ਕੀਤਾ।

ਮੌਜੂਦਾ ਸਿਆਸੀ ਸਥਿਤੀ ਦਾ ਜ਼ਿਕਰ ਕਰਦਿਆਂ ਅਰੋੜਾ ਨੇ ਕਿਹਾ ਕਿ ਨਤੀਜਿਆਂ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸੁਖਜਿੰਦਰ ਸਿੰਘ ਰੰਧਾਵਾ ਵਰਗੇ ਕਾਂਗਰਸੀ ਆਗੂਆਂ ਦੀ ਉਨ੍ਹਾਂ ਦੇ ਘਰੇਲੂ ਹਲਕਿਆਂ ਵਿੱਚ ਹਾਰ ਨੂੰ ਦਰਸਾਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਦੀ ਜਿੱਤ ਪਾਰਟੀ ਦੀ ਸਮੂਹਿਕ ਤਾਕਤ ਨੂੰ ਦਰਸਾਉਂਦੀ ਹੈ, ਜੋ ਕਿਸੇ ਵੀ ਵਿਅਕਤੀ ਨਾਲੋਂ ਵੱਡੀ ਹੈ। ਅਰੋੜਾ ਨੇ 'ਆਪ' ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਪੰਜਾਬ ਦੀ ਸਭ ਤੋਂ ਅਨੁਸ਼ਾਸਿਤ ਸਿਆਸੀ ਪਾਰਟੀ ਹੈ, ਜੋ ਲੋਕਾਂ ਲਈ ਸਭ ਤੋਂ ਮਹੱਤਵਪੂਰਨ ਮੁੱਦਿਆਂ 'ਤੇ ਕੇਂਦਰਿਤ ਹੈ ਅਤੇ ਸਾਰੇ ਨਾਗਰਿਕਾਂ ਦੀ ਭਲਾਈ ਲਈ ਵਚਨਬੱਧ ਹੈ। ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਰਾਜਾ ਵੜਿੰਗ ਅਤੇ ਸੁਖਜਿੰਦਰ ਰੰਧਾਵਾ ਦੀ ਹਾਰ ਤੋਂ ਸਭ ਤੋਂ ਵੱਧ ਜੇਕਰ ਕੋਈ ਖ਼ੁਸ਼ ਹੈ ਤਾਂ ਉਹ ਪ੍ਰਤਾਪ ਸਿੰਘ ਬਾਜਵਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਹੁਣ ਇੱਕਜੁੱਟ ਪਾਰਟੀ ਨਹੀਂ ਰਹੀ। ਇਹ ਕਈ ਧੜਿਆਂ-ਬਾਜਵਾ ਮਿਸਲ, ਚੰਨੀ ਮਿਸਲ, ਰੰਧਾਵਾ ਮਿਸਲ ਅਤੇ ਵੜਿੰਗ ਮਿਸਲ ਵਿਚ ਵੰਡੀ ਹੋਈ ਹੈ- ਹਰੇਕ ਪਾਰਟੀ ਦੇ ਸਾਂਝੇ ਟੀਚਿਆਂ ਦੀ ਬਜਾਏ ਆਪਣੇ ਹਿੱਤਾਂ 'ਤੇ ਧਿਆਨ ਕੇਂਦਰਿਤ ਕਰ ਰਿਹਾ ਹੈ।

ਅਮਨ ਅਰੋੜਾ ਨੇ ਇਹ ਵੀ ਦੱਸਿਆ ਕਿ ਹਾਲ ਹੀ ਵਿੱਚ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ 'ਆਪ' ਦੀ ਲੀਡਰਸ਼ਿਪ ਅਤੇ ਨੀਤੀਆਂ 'ਤੇ ਭਰੋਸਾ ਕਰਦੇ ਹਨ। ਪਾਰਟੀ ਦੀਆਂ ਸੰਭਾਵਨਾਵਾਂ ਬਾਰੇ ਕੁਝ ਸ਼ੁਰੂਆਤੀ ਭਰਮ ਦੇ ਬਾਵਜੂਦ, ਖ਼ਾਸ ਕਰਕੇ ਸ਼ਹਿਰੀ ਖੇਤਰਾਂ ਵਿੱਚ, 'ਆਪ' ਨੇ ਨਿਰਨਾਇਕ ਜਿੱਤ ਪ੍ਰਾਪਤ ਕੀਤੀ। ਚਾਰ ਹਲਕਿਆਂ ਵਿੱਚ, 'ਆਪ' ਨੇ ਕੁੱਲ ਵੋਟ ਸ਼ੇਅਰ ਦਾ 46% ਪ੍ਰਾਪਤ ਕੀਤਾ, ਜਦੋਂ ਕਿ ਕਾਂਗਰਸ ਨੂੰ 33% ਅਤੇ ਭਾਜਪਾ ਨੂੰ ਸਿਰਫ਼ ? 10% ਮਿਲੀ। ਅਰੋੜਾ ਨੇ ਕਿਹਾ ਕਿ ਸ਼ਹਿਰੀ ਖੇਤਰਾਂ, ਖ਼ਾਸ ਕਰਕੇ ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਬਰਨਾਲਾ ਵਰਗੀਆਂ ਥਾਵਾਂ 'ਤੇ ਭਾਜਪਾ ਦੀ ਮਜ਼ਬੂਤ ਪਕੜ ਦੀਆਂ ਉਮੀਦਾਂ ਪੂਰੀਆਂ ਨਹੀਂ ਹੋਈਆਂ ਅਤੇ ਪਾਰਟੀ ਦਾ ਵੋਟ ਸ਼ੇਅਰ ਬਹੁਤ ਘੱਟ ਰਿਹਾ। ਆਮ ਆਦਮੀ ਪਾਰਟੀ ਦਾ ਵੋਟ ਸ਼ੇਅਰ ਸ਼ਹਿਰੀ ਖੇਤਰਾਂ ਵਿੱਚ ਖ਼ਾਸ ਤੌਰ 'ਤੇ ਮਜ਼ਬੂਤ ਸੀ, ਜਿਸ ਨੇ ਆਪਣਾ ਸਮਰਥਨ ਅਧਾਰ ਹੋਰ ਮਜ਼ਬੂਤ ਕੀਤਾ, ਨਗਰ ਪਾਲਿਕਾਵਾਂ ਵਿੱਚ 43% ਵੋਟ ਮਿਲੇ, ਜਦੋਂ ਕਿ ਕਾਂਗਰਸ ਨੂੰ 36% ਅਤੇ ਭਾਜਪਾ ਨੂੰ ਸਿਰਫ 10% ਮਿਲੀ। ਇਹ ਸਪਸ਼ਟ ਫ਼ਤਵਾ ਪੰਜਾਬ ਦੇ ਵਿਕਾਸ ਲਈ ਪਾਰਟੀ ਦੇ ਵਿਜ਼ਨ ਵਿੱਚ ਲੋਕਾਂ ਦੇ ਭਰੋਸੇ ਨੂੰ ਦਰਸਾਉਂਦਾ ਹੈ।

ਅਮਨ ਅਰੋੜਾ ਨੇ ਭਰੋਸਾ ਪ੍ਰਗਟਾਇਆ ਕਿ 'ਆਪ' ਦੀ ਸਫਲਤਾ ਭਵਿੱਖ ਦੀਆਂ ਚੋਣਾਂ ਵਿੱਚ ਵੀ ਜਾਰੀ ਰਹੇਗੀ, ਜਿਸ ਵਿੱਚ ਨਗਰ ਨਿਗਮ, ਜ਼ਿਲ੍ਹਾ ਅਤੇ ਬਲਾਕ ਸੰਮਤੀ ਚੋਣਾਂ ਸ਼ਾਮਲ ਹਨ। ਉਨ੍ਹਾਂ ਪਾਰਟੀ ਦੇ ਸਮਰਥਕਾਂ ਨੂੰ ਭਰੋਸਾ ਦਿਵਾਇਆ ਕਿ 'ਆਪ' ਪੰਜਾਬ ਦੇ ਲੋਕਾਂ ਨੂੰ ਦਰਪੇਸ਼ ਅਸਲ ਮੁੱਦਿਆਂ ਨੂੰ ਹੱਲ ਕਰਨ ਲਈ ਇੱਕਜੁੱਟ ਟੀਮ ਵਜੋਂ ਕੰਮ ਕਰਦੀ ਰਹੇਗੀ ਅਤੇ ਆਮ ਆਦਮੀ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਰਹੇਗੀ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਪਾਰਟੀ ਪਿਛਲੀਆਂ ਕਾਮਯਾਬੀਆਂ ਨੂੰ ਪਛਾੜਦੇ ਹੋਏ ਆਉਣ ਵਾਲੀਆਂ 2027 ਦੀਆਂ ਚੋਣਾਂ ਹੋਰ ਵੀ ਵੱਡੀ ਤਾਕਤ ਅਤੇ ਦ੍ਰਿੜ੍ਹ ਇਰਾਦੇ ਨਾਲ ਲੜੇਗੀ।

ਹਾਲ ਹੀ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਪਾਰਟੀ ਦੀ ਸਫਲਤਾ ਨੇ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ, ਹੁਣ ਆਪ ਦੀ 117 ਵਿੱਚੋਂ 94 ਸੀਟਾਂ ਹਨ। ਇਸ ਵਾਧੇ ਨੇ 'ਆਪ' ਦੇ ਵਿਕਾਸ ਨੂੰ ਜਾਰੀ ਰੱਖਣ ਦੇ ਸੰਕਲਪ ਨੂੰ ਮਜ਼ਬੂਤ ਕੀਤਾ ਹੈ, ਪਾਰਟੀ ਨੇਤਾਵਾਂ ਨੇ ਭਰੋਸਾ ਪ੍ਰਗਟਾਇਆ ਹੈ ਕਿ 2027 ਦੀਆਂ ਚੋਣਾਂ ਵਿੱਚ ਹੋਰ ਵੀ ਵੱਡੀ ਜਿੱਤ ਦੇਖਣ ਨੂੰ ਮਿਲੇਗੀ।

ਅੰਤ ਵਿੱਚ, ਅਰੋੜਾ ਨੇ 'ਆਪ' ਵਿੱਚ ਲਗਾਤਾਰ ਵਿਸ਼ਵਾਸ ਰੱਖਣ ਲਈ ਪੰਜਾਬ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਪਾਰਟੀ ਵਿਕਾਸ, ਪਾਰਦਰਸ਼ਤਾ ਅਤੇ ਚੰਗੇ ਸ਼ਾਸਨ 'ਤੇ ਧਿਆਨ ਕੇਂਦਰਿਤ ਕਰਨਾ ਜਾਰੀ ਰੱਖੇਗੀ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਆਮ ਲੋਕਾਂ ਦੀ ਆਵਾਜ਼ ਸੁਣੀ ਜਾਵੇ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾਵੇ। ਜ਼ਿਮਨੀ ਚੋਣਾਂ 'ਚ ਜਿੱਤ ਤਾਂ ਅਜੇ ਸ਼ੁਰੂਆਤ ਹੈ। 'ਆਪ' ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦੀ ਅਗਵਾਈ 'ਚ ਪੰਜਾਬ ਨੂੰ ਤਰੱਕੀ ਅਤੇ ਖ਼ੁਸ਼ਹਾਲੀ ਦੀ ਮਿਸਾਲ ਬਣਾਉਣ ਲਈ ਵਚਨਬੱਧ ਹੈ।

ਪਰਖ ਰਾਸ਼ਟਰੀ ਸਰਵੇਖਣ ਸਬੰਧੀ ਜ਼ਿਲ੍ਹਾ ਅਧਿਕਾਰੀਆਂ ਨੇ ਕੀਤੀ ਮੀਟਿੰਗ

ਤਰਨ ਤਾਰਨ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ- :

ਪਰਖ ਰਾਸ਼ਟਰੀ ਸਰਵੇਖਣ ਤਹਿਤ ਮਿਤੀ ਚਾਰ ਦਸੰਬਰ 2024 ਨੂੰ ਜਮਾਤ ਤੀਸਰੀ, ਛੇਵੀਂ ਅਤੇ ਨੌਵੀਂ ਦੀ ਕੌਮੀ ਪੱਧਰ ਤੇ ਹੋ ਰਹੀ ਪ੍ਰੀਖਿਆ ਸਬੰਧੀ ਜ਼ਿਲੇ ਦਾ ਵਿਸ਼ਲੇਸ਼ਣ ਕਰਨ ਹਿੱਤ ਜ਼ਿਲ੍ਹਾ ਸਿੱਖਿਆ ਅਫ਼ਸਰ (ਐ) ਸਿੱਖਿਆ ਤਰਨਤਾਰਨ ਰਾਜੇਸ਼ ਕੁਮਾਰ ਸ਼ਰਮਾ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਤਰਨਤਾਰਨ ਜੁਗਵਿੰਦਰ ਸਿੰਘ ਦੀ ਅਗਵਾਈ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਤਰਨਤਾਰਨ ਪਰਮਜੀਤ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਤਰਨਤਾਰਨ ਸੁਰਿੰਦਰ ਕੁਮਾਰ ਵੱਲੋਂ ਬਲਾਕ ਵਾਇਜ਼ ਸੀਈਪੀ ਤਹਿਤ ਹੋਏ ਅਭਿਆਸ ਟੈਸਟਾਂ ਅਤੇ ਵਰਕਸੀ ?ਟਾ ਸਬੰਧੀ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਸਬੰਧੀ ਜ਼ਿਲ੍ਹੇ ਦੇ ਸਮੂਹ ਬਲਾਕ ਸਿੱਖਿਆ ਅਫ਼ਸਰਾਂ ,ਡੀ ਆਰ ਸੀ ਸੈਕੰਡਰੀ ਬਲਜਿੰਦਰ ਸਿੰਘ, ਡੀ ਆਰ ਸੀ ਐਲੀਮੈਂਟਰੀ ਅਨੂਪ ਸਿੰਘ ਮੈਣੀ ਨਾਲ ਬਾਰੀਕੀ ਨਾਲ ਅੰਕੜਿਆਂ ਦਾ ਅਧਿਐਨ ਕੀਤਾ ਅਤੇ ਪਰਖ ਰਾਸ਼ਟਰੀ ਸਰਵੇਖਣ ਦੀਆਂ ਤਿਆਰੀਆਂ ਸਬੰਧੀ ਰਣਨੀਤੀ ਤਿਆਰ ਕੀਤੀ। ਜ਼ਿਲ੍ਹਾ ਸਿੱਖਿਆ ਅਫ਼ਸਰਜ਼ ਐਲੀਮੈਂਟਰੀ ਅਤੇ ਸੈਕੰਡਰੀ ਨੇ ਮੀਟਿੰਗ ਵਿੱਚ ਹਾਜ਼ਰ ਅਧਿਕਾਰੀਆ ਨੂੰ ਪਰਖ ਰਾਸ਼ਟਰੀ ਸਰਵੇਖਣ ਤਹਿਤ ਜਮਾਤ ਤੀਜੀ, ਛੇਵੀਂ ਅਤੇ ਨੌਵੀਂ ਦੇ ਵਿਦਿਆਰਥੀਆਂ ਦੇ ਪ੍ਰੀਖਿਆ ਵਿੱਚ ਬਿਹਤਰ ਪ੍ਰਦਰਸ਼ਨ ਲਈ ਪੂਰਾ ਜ਼ੋਰ ਲਾਉਣ ਲਈ ਪ੍ਰੇਰਿਤ ਕੀਤਾ।

ਉਹਨਾਂ ਕਿਹਾ ਕਿ ਪਰਖ ਰਾਸ਼ਟਰੀ ਸਰਵੇਖਣ ਪ੍ਰੀਖਿਆ ਵਿੱਚ ਬਹੁਤ ਥੋੜ੍ਹੇ ਦਿਨ ਦਾ ਸਮਾਂ ਹੈ ਸੋ ਕੰਪੀਟੈਂਸੀ ਐਨਹੈਂਸਮੈਂਟ ਪਲਾਨ ਤਹਿਤ ਵਿਦਿਆਰਥੀਆਂ ਦੀਆਂ ਵਿਭਿੰਨ ਕੁਸ਼ਲਤਾਵਾਂ ਵਿੱਚੋਂ ਕਮਜ਼ੋਰ ਕੰਪੀਟੈਂਸੀਆਂ ਦੀ ਰੋਜ਼ਾਨਾ ਮੋਨੀਟਰਿੰਗ ਅਤੇ ਉਸ ਉੱਤੇ ਵੱਧ ਤੋਂ ਵੱਧ ਕੰਮ ਕਰਵਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਵਿੱਚ ਉਹਨਾਂ ਕੰਪੀਟੈਂਸੀਆਂ ਪ੍ਰਤੀ ਸ਼ੰਕੇ ਨਵਿਰਤ ਕੀਤੇ ਜਾ ਸਕਣ ।ਇਸ ਮੀਟਿੰਗ ਦੌਰਾਨ ਸਮੂਹ ਬਲਾਕ ਸਿੱਖਿਆ ਅਫ਼ਸਰਾਂ, ਜ਼ਿਲ੍ਹਾ ਕੋਆਰਡੀਨੇਟਰਜ਼ ਸੈਕੰਡਰੀ, ਐਲੀਮੈਂਟਰੀ ਵੱਲੋਂ ਜ਼ਿਲ੍ਹਾ ਤਰਨਤਾਰਨ ਨੂੰ ਪਰਖ ਰਾਸ਼ਟਰੀ ਸਰਵੇਖਣ ਪ੍ਰੀਖਿਆ ਵਿੱਚ ਬਿਹਤਰੀਨ ਪ੍ਰਦਰਸ਼ਨ ਲਈ ਦ੍ਰਿੜ ਸੰਕਲਪ ਲਿਆ।

ਬੀ.ਐੱਸ.ਐੱਫ. ਨੇ 32ਵਾਂ ਦਸ਼ਮੇਸ਼ ਹਾਕਸ ਆਲ ਇੰਡੀਆ ਹਾਕੀ ਫੈਸਟੀਵਲ ਜਿੱਤਿਆ

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਜੇਤੂ ਟੀਮ ਨੂੰ 1.25 ਲੱਖ ਤੇ ਉਪ ਜੇਤੂ ਨੂੰ 75 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਨਿਵਾਜ਼ਿਆ

ਰੂਪ ਨਗਰ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਨੌਜਵਾਨਾਂ ਨੂੰ ਖੇਡਾਂ ਆਪਣੇ ਰੋਜ਼ਮਰਾ ਦੀ ਜ਼ਿੰਦਗੀ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ ਅਤੇ ਇਸ ਮੰਤਵ ਨੂੰ ਹਾਸਲ ਕਰਨ ਲਈ ਹਾਕਸ ਕਲੱਬ ਕਰੀਬ 50 ਸਾਲ ਤੋਂ ਇਲਾਕੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦਾ ਅਹਿਮ ਰੋਲ ਅਦਾ ਕਰ ਰਿਹਾ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਪੰਜਾਬ ਸ. ਹਰਜੋਤ ਸਿੰਘ ਬੈਂਸ ਵੱਲੋਂ ਹਾਕਸ ਸਟੇਡੀਅਮ ਰੂਪਨਗਰ ਵਿਖੇ ਚੱਲ ਰਹੇ 32ਵੇਂ ਦਸ਼ਮੇਸ਼ ਹਾਕਸ ਆਲ ਇੰਡੀਆ ਹਾਕੀ ਫੈਸਟੀਵਲ ਦੇ ਆਖਰੀ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵਲੋਂ ਬੀ.ਐਸ.ਐਫ ਦੀ ਜੇਤੂ ਟੀਮ ਨੂੰ 1.25 ਲੱਖ ਰੁਪਏ ਤੇ ਉਪ ਜੇਤੂ ਰਹੀ ਸੀ.ਆਰ.ਪੀ.ਐਫ ਨੂੰ 75 ਹਜਾਰ ਰੁਪਏ ਦੀ ਰਾਸ਼ੀ ਦੇ ਕੇ ਨਿਵਾਜ਼ਿਆ ਗਿਆ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਐਡਵੋਕੇਟ ਐਸ.ਐਸ.ਸੈਣੀ ਜਨਰਲ ਸਕੱਤਰ ਦਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਇਸ ਮੈਦਾਨ ਵਿੱਚ ਰਾਸ਼ਟਰੀ ਪੱਧਰ ਉਤੇ ਹਾਕੀ ਟੂਰਨਾਮੈਂਟ ਕਰਵਾਉਣਾ, ਉੱਥੇ ਹੀ ਲਗਾਤਾਰ ਟੂਰਨਾਮੈਂਟ ਕਰਵਾਉਣਾ ਉਸ ਤੋਂ ਵੀ ਜ਼ਿਆਦਾ ਵਧਾਈ ਦੇ ਪਾਤਰ ਹਨ। ਉਨ੍ਹਾਂ ਇਸ ਟੂਰਨਾਮੈਂਟ ਦੇ ਆਯੋਜਨ ਲਈ ਸਹਿਯੋਗ ਕਰਨ ਅਤੇ ਇਨਾਮੀ ਰਾਸ਼ੀ ਪ੍ਰਦਾਨ ਕਰਨ ਲਈ ਸ. ਹਰਦੀਪ ਸਿੰਘ ਚੀਮਾ ਐਮ.ਡੀ. ਚੀਮਾ ਬੁਆਇਲਰ ਦੀ ਸ਼ਲਾਘਾ ਕੀਤੀ।

ਜ਼ਿਲ੍ਹਾ ਰੂਪਨਗਰ ਵਿਖੇ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਖੇਡ ਮੈਦਾਨਾਂ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਉਨ੍ਹਾਂ ਦੱਸਿਆ ਕਿ ਆਦਰਸ਼ ਸਕੂਲ ਲੋਧੀਪੁਰ ਵਿਖੇ 2.5 ਕਰੋੜ ਰੁਪਏ ਦੀ ਲਾਗਤ ਨਾਲ ਹਾਕੀ ਦਾ ਐਸਟ੍ਰੋਟਰਫ ਦਾ ਮੈਦਾਨ ਦਾ ਨਿਰਮਾਣ, ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਈ ਜਾ ਰਹੀ ਨੈਸ਼ਨਲ ਲੈਵਲ ਸ਼ੂਟਿੰਗ ਰੇਂਜ਼, ਕੀਰਤਪੁਰ ਸਾਹਿਬ ਵਿਖੇ ਫੁੱਟਬਾਲ ਖੇਡ ਦਾ ਐਸਟਰੋਟਰਫ ਮੈਦਾਨ ਬਣਾ

ਸਾਹਿਤਕ ਪੰਨਾ

ਗਿੱਦੜ ਭਬਕੀ

ਮਾਲ ਮਹਿਕਮੇ ਦੇ ਨਵੇਂ ਬਣੇ ਮਾਲ ਮੰਤਰੀ ਨੇ ਆਪਣੇ ਮਹਿਕਮੇ ਦੇ ਸਾਰੇ ਅਧਿਕਾਰੀਆਂ ਨੂੰ ਸੰਬੋਧਨ ਹੁੰਦਿਆਂ ਆਖਿਆ, 'ਅਸੀਂ ਲੋਕਾਂ ਨਾਲ ਵਾਅਦਾ ਕਰਕੇ ਆਏ ਹਾਂ ਕਿ ਤੁਹਾਨੂੰ ਸਾਫ਼-ਸੁਥਰਾ ਪ੍ਰਸਾਸ਼ਨ ਦੇਵਾਂਗੇ। ਤੁਸੀਂ ਆਪਣੇ ਕੰਮ ਕਰਨ ਦੇ ਤੌਰ ਤਰੀਕੇ ਬਦਲ ਲਵੋ। ਰਿਸ਼ਵਤ ਨੂੰ ਬਿਲਕੁਲ ਨਹੀਂ ਬਰਦਾਸ਼ਤ ਕੀਤਾ ਜਾਵੇਗਾ। ਜਨਤਾ ਦੇ ਕੰਮ ਪੂਰੀ ਇਮਾਨਦਾਰੀ ਅਤੇ ਸਮੇਂ ਸਿਰ ਕਰੋ। ਰਿਸ਼ਵਤ ਲੈਣ ਵਾਲੇ ਨੂੰ ਨੌਕਰੀ ਤੋਂ ਬਰਖ਼ਾਸਤ ਕਰਕੇ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇਗੀ। ਇਮਾਨਦਾਰ ਅਫ਼ਸਰਾਂ ਅਤੇ ਕਰਮਚਾਰੀਆਂ ਨੂੰ ਮਾਣ ਸਨਮਾਨ ਦਿੱਤਾ ਜਾਵੇਗਾ। ਭ੍ਰਿਸ਼ਟਾਚਾਰ ਦਾ ਨਾਮੋਂ ਨਿਸ਼ਾਨ ਮਿਟਾ ਦਿੱਤਾ ਜਾਵੇਗਾ।' ਮੀਟਿੰਗ ਤੋਂ ਬਾਅਦ ਚੰਡੀਗੜ੍ਹ ਤੋਂ ਲਈ ਸਸਤੀ ਸ਼ਰਾਬ ਦਾ ਇਕ-ਇਕ ਮੋਟਾ ਪੈੱਗ ਲਾ ਕੇ ਨਵਾਂ ਸਿੱਧਾ ਬਣਿਆ ਨਾਇਬ ਤਹਿਸੀਲਦਾਰ ਵੱਡੇ ਪੁਰਾਣੇ ਤਹਿਸੀਲਦਾਰ ਨੂੰ ਆਖਣ ਲੱਗਾ, 'ਆਪਣੇ ਵਜ਼ੀਰ ਸਾਹਿਬ ਤਾਂ ਬੜੇ ਸਖ਼ਤ ਹਨ। ਰਿਸ਼ਵਤ ਦੇ ਬੜੇ ਖਿਲਾਫ਼ ਲੱਗਦੇ ਹਨ, ਆਪਾਂ ਵੀ ਆਪਣੇ-ਆਪ ਨੂੰ ਠੀਕ ਕਰ ਲਈਏ ?' ਵੱਡਾ ਤਹਿਸੀਲਦਾਰ ਬੋਲਿਆ, 'ਤੇਰਾ ਵੀ ਦਿਮਾਗ਼ ਖ਼ਰਾਬ ਹੈ। ਇਹ ਤਾਂ ਆਪਾਂ ਨੂੰ ਰਿਸ਼ਵਤ ਯਾਦ ਕਰਵਾ ਰਿਹਾ ਹੈ। ਜਿਵੇਂ ਭੁੱਖੇ ਨੂੰ ਪਾਈ ਬੁਝਾਰਤ ਕਹਿੰਦਾ ਟੁੱਕ। ਜਿਹੜਾ ਆਦਮੀ ਕੱਲ੍ਹ ਤੱਕ ਚੋਣ ਜਿੱਤਣ ਲਈ ਲੱਖਾਂ ਰੁਪਈਆ ਖਰਚ ਚੁੱਕਾ ਹੋਵੇ, ਸ਼ਰਾਬ ਅਤੇ ਹੋਰ ਨਸ਼ਿਆਂ ਦੇ ਖੁੱਲ੍ਹੇ ਗੱਫ਼ੇ ਵੰਡੇ ਹੋਣ ਜਿੱਤਣ ਲਈ ਹਰ ਹੱਥਾ ਕੰਡਾ ਵਰਤਿਆ ਹੋਵੇ ਉਹ ਇਮਾਨਦਾਰ ਕਿਵੇਂ ਹੋ ਸਕਦਾ। ਇਹ ਤਾਂ ਗਿੱਦੜ ਭਬਕੀ ਹੈ। ਇਸ ਨੇ ਚੋਣਾਂ ਵਿਚ ਜਿੰਨਾ ਪੈਸਾ ਖਰਚਿਆ ਹੈ ਉਸ ਤੋਂ ਕਿਤੇ ਵੱਧ ਆਪਣੇ ਸਿਰ ਤੋਂ ਇਕੱਠਾ ਕਰਨਾ ਹੈ। ਐਵੇਂ ਘਬਰਾਈ ਜਾਨਾਂ ਮੈਂ ਤਾਂ ਹੁਣ ਤੱਕ ਅਜਿਹੇ ਵਜ਼ੀਰਾਂ ਦੀਆਂ ਪਤਾ ਨਹੀਂ ਕਿੰਨੀਆਂ ਗਿੱਦੜ ਭਬਕੀਆਂ ਸੁਣ ਚੁੱਕਾ ਹਾਂ। ਗਿੱਦੜ ਭਬਕੀ ਜਿੰਨੀ ਵੱਡੀ ਹੋਵੇਗੀ ਓਨਾਂ ਹੀ ਉੱਪਰ ਵੱਡਾ ਹਿੱਸਾ ਭੇਜਣਾ ਪੈਣਾ ਹੈ। ਪਹਿਲਾਂ ਤੂੰ ਆਪ ਹੀ ਦੱਸ ਨਾਇਬ ਤਹਿਸੀਲਦਾਰ ਲੱਗਣ ਲਈ ਕਿੰਨਾ ਪੈਸਾ ਦਿੱਤਾ ਹੈ ਤੂੰ ਉਹ ਪੂਰਾ ਕਰੇਂਗਾ ਕਿ ਨਹੀਂ ? ਇਹਨੇ ਆਪਣਾ ਖਰਚ ਪੂਰਾ ਕਰਕੇ ਅਗਲ਼ੀ ਚੋਣ ਅਤੇ ਅਗਲੀ ਪੀੜ੍ਹੀ ਲਈ ਵੀ ਇਕੱਠੇ ਕਰਨੇ ਹਨ।' ਨਾਇਬ ਤਹਿਸੀਲਦਾਰ ਨੇ ਵੱਡੇ ਤਹਿਸੀਲਦਾਰ ਨੂੰ ਖੁਸ਼ ਹੋ ਕੇ ਆਖਿਆ, 'ਮੰਨ ਗਏ ਤੁਹਾਡੀ ਅਕਲ ਅਤੇ ਤਜਰਬੇ ਨੂੰ।' ਹੁਣ ਦੋਨੋਂ ਜਣੇ ਗੱਡੀ ਰੋਕ ਕੇ ਹੋਰ ਹਾੜਾ ਲਾਉਣ ਲਈ ਜੋਟੀ ਪਾ ਕੇ ਪੂਰੇ ਖੁਸ਼ ਮੂਡ ਵਿਚ ਢਾਬੇ ਵੱਲ ਜਾ ਰਹੇ ਸਨ।

-ਅਮਰੀਕ ਸਿੰਘ ਤਲਵੰਡੀ ਕਲਾਂ,
ਮੋਬਾਈਲ : 94635-42896

ਬਾਪੂ 'ਚੋਂ ਬਚਪਨ

ਬਿਰਧ ਆਸ਼ਰਮ 'ਚ ਬਜ਼ੁਰਗਾਂ ਨੂੰ ਫਲ ਵੰਡ ਕੇ ਘਰ ਦੀ ਦਹਿਲੀਜ਼ ਵੜਦੀ 'ਅਮਨੀ' ਨੇ ਆਪਣੇ ਪਤੀ ਨੂੰ ਪਿਆਰ ਭਰੇ ਲਹਿਜ਼ੇ 'ਚ ਕਿਹਾ, 'ਅੱਜ ਨਵੇਂ ਰੈਸਟੋਰੈਂਟ 'ਚ ਡਿਨਰ ਕਰਨ ਦਾ ਪ੍ਰੋਗਰਾਮ ਬਣਾਇਆ, ਤੁਸੀਂ ਸਮੇਂ ਸਿਰ ਆ ਜਾਣਾ'। 'ਬਹੁਤ ਖੂਬ-ਬਹੁਤ ਖੂਬ ਮੇਰਾ ਵੀ ਮਨ ਕਰਦਾ ਸੀ ਕਿ ਇਕ ਦਿਨ ਬਾਪੂ ਜੀ ਨੂੰ ਰੈਸਟੋਰੈਂਟ ਲਿਜਾਵਾਂ' ਗੁਰਪ੍ਰੀਤ ਨੇ ਮੋੜਵੇਂ ਜਵਾਬ 'ਚ ਕਿਹਾ।

ਅਮਨੀ ਨੂੰ ਇਹ ਜਵਾਬ ਭਾਵੇਂ ਚੰਗਾ ਨਾ ਲੱਗਾ, ਪਰ ਪਤੀ ਦੀ ਖੁਸ਼ੀ 'ਚ ਓਪਰੀ ਹਾਂ 'ਚ 'ਹਾਂ' ਮਿਲਾਉਂਦੀ ਬੋਲੀ, 'ਠੀਕ ਏ, ਮੈਂ ਉਨ੍ਹਾਂ ਨੂੰ ਵੀ ਤਿਆਰ ਰੱਖਾਂਗੀ।'

ਪਤਨੀ ਦੇ ਉਲੀਕੇ ਪ੍ਰੋਗਰਾਮ ਅਤੇ ਬਾਪੂ ਜੀ ਨੂੰ ਰੈਸਟੋਰੈਂਟ 'ਚ ਰੋਟੀ ਖਿਲਾਉਣ ਦੇ ਚਾਅ 'ਚ ਗੁਰਪ੍ਰੀਤ ਪਹਿਲਾਂ ਤੋਂ ਜਲਦੀ ਘਰ ਆ ਗਿਆ। ਮਿੱਥੇ ਪ੍ਰੋਗਰਾਮ ਤਹਿਤ ਤਿੰਨੋਂ ਰੈਸਟੋਰੈਂਟ 'ਚ ਰਾਤ ਦਾ ਖਾਣਾ ਖਾਣ ਚਲੇ ਗਏ। ਗੁਜ਼ਰੀ ਜੁਆਨੀ ਬਾਅਦ ਅੱਜ ਬਾਪੂ ਕੇਹਰ ਸਿੰਘ ਨੂੰ ਕਿਸੇ ਵੱਡੇ ਰੈਸਟੋਰੈਂਟ ਵਿਚ ਖਾਣਾ ਖਾਣ ਦਾ ਸੁਭਾਗਾ ਮੌਕਾ ਆਉਣ ਕਰਕੇ ਬਹੁਤ ਖੁਸ਼ੀ ਸੀ। ਸਪੁੱਤਰ ਨੇ ਬਾਪੂ ਤੋਂ ਪੁੱਛ ਉਸ ਦੇ ਮਨ-ਪਸੰਦ ਪਕਵਾਨ ਮੰਗਵਾਉਣ ਦਾ ਵੇਟਰ ਨੂੰ ਆਡਰ ਦਿੱਤਾ, ਨੂੰਹ ਨੇ ਮਜਬੂਰਨ ਹਾਂ 'ਚ ਹਾਂ ਮਿਲਾਈ।

ਵੇਟਰ ਪਕਵਾਨ ਲਿਆਇਆ ਗੁਰਪ੍ਰੀਤ ਨੇ ਬਾਪੂ ਦੇ ਸਤਿਕਾਰ 'ਚ ਉਸ ਨੂੰ ਪਹਿਲ ਕਰਨ ਲਈ ਬੇਨਤੀ ਕੀਤੀ। ਸਪੁੱਤਰ ਦੇ ਮਾਣ 'ਚ ਬਾਪੂ ਕੇਹਰ ਸਿੰਘ ਕੰਬਦੇ ਹੱਥਾਂ ਨਾਲ ਪਕਵਾਨ ਦਾ ਭਰਿਆ ਚਮਚ ਮੂੰਹ 'ਚ ਪਾਉਂਦਾ, ਪਰ ਉਸ 'ਚੋਂ ਕੁਝ ਟੇਬਲ 'ਤੇ ਹੀ ਡਿੱਗ ਪੈਂਦਾ, ਕਦੇ ਕੰਬਦੇ ਹੱਥਾਂ ਨਾਲ ਟੇਬਲ ਦੇ ਭਾਂਡੇ ਖੜਕਦੇ, ਕਦੇ ਕੁਝ ਸਮਾਨ ਡਿੱਗ ਜਾਂਦਾ। ਗੁਰਪ੍ਰੀਤ ਨੂੰ ਇਹ ਵੇਖ ਸਭ ਚੰਗਾ ਲੱਗਦਾ, ਪਰ ਅਮਨੀ ਉਲੀਕੀ ਰੂਪ-ਰੇਖਾ 'ਚ ਪਏ ਵਿਘਨ ਤੋਂ ਖਫਾ ਨੱਕ ਚੜ੍ਹਾਉਂਦੀ ਬੋਲੀ, 'ਜਦੋਂ ਤੁਸੀਂ ਜਾਣਦੇ ਸੀ ਕਿ ਬਾਪੂ ਜੀ ਇਥੇ ਆਉਣ ਦੇ ਕਾਬਲ ਨਹੀਂ, ਫਿਰ ਜ਼ਿੱਦ ਕਿਉਂ ਕੀਤੀ, ਕੀ ਅਸਰ ਪੈਂਦਾ ਹੈ ਸੁਸਾਇਟੀ 'ਚ, ਕਿਹੋ ਜਿਹੀਆਂ ਗੱਲਾਂ ਕਰਨਗੇ ਲੋਕ ?'

'ਮੈਂ ਨਹੀਂ ਕੁਝ ਸਮਝਦਾ ਕਿਸੇ ਨੂੰ, ਮੇਰੇ ਲਈ ਤਾਂ ਮੇਰੇ ਬਾਪੂ ਜੀ ਤੋਂ ਵੱਧ ਕੁਝ ਨਹੀਂ,' ਤੂੰ ਨਹੀਂ ਜਾਣਦੀ ਬਾਪੂ ਜੀ ਨੇ ਸਾਡੇ ਲਈ ਕੀ ਕੁਝ ਕੀਤਾ। ਮਾਂ ਦੇ ਵਿਛੋੜੇ ਤੋਂ ਬਾਅਦ ਮਮਤਾ ਅਤੇ ਸਰਪ੍ਰਸਤੀ ਦਿੱਤੀ ਇਨ੍ਹਾਂ ਹੱਡਭੰਨਵੀਂ ਮਿਹਨਤ ਕੀਤੀ, ਆਪਣੇ ਢਿੱਡ ਨੂੰ ਗੰਢ ਮਾਰ ਸਾਨੂੰ ਪਾਲਿਆ-ਪੜ੍ਹਾਇਆ, ਮਹੀਨੇ 'ਚ ਇਕ ਵਾਰ ਢਾਬੇ 'ਤੇ ਰੋਟੀ ਖਿਲਾਉਣ ਲਿਜਾਂਦਾ, ਅਸੀਂ ਬਚਪਨ 'ਚ ਕੁਝ ਰੋੜਦੇ-ਕੁਝ ਖਿਲਾਰਦੇ ਉਸ ਵੇਲੇ ਬਾਪੂ ਜੀ ਸਭ ਕੁਝ ਵੇਖ ਖੁਸ਼ ਹੁੰਦੇ ਸੀ, ਪਰ ਇਨ੍ਹਾਂ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਬਾਪੂ ਜੀ ਦੀ ਬਦੌਲਤ ਐਡੇ ਵੱਡੇ ਰੁਤਬੇ 'ਤੇ ਪੁੱਜਾਂ, ਤਾਂ ਬਾਪੂ ਨੂੰ ਢਾਬਾ ਤਾਂ ਨਹੀਂ ਰੈਸਟੋਰੈਂਟ 'ਚ ਖਾਣਾ ਖਿਲਾਉਣ ਲਿਆਇਆ ਹਾਂ। ਮੈਨੂੰ ਬਚਪਨ ਦੇ ਦਿਨ ਯਾਦ ਆਉਂਦੇ ਨੇ ਕਿ... ਕਹਿੰਦੇ... ਦੀਆਂ ਅੱਖਾਂ ਭਰ ਆਈਆਂ। ਇਹ ਵੇਖ ਲਿਬੜੇ ਹੱਥਾਂ ਨਾਲ ਬਾਪੂ ਨੇ ਹੋਣਹਾਰ ਸਪੁੱਤਰ ਨੂੰ ਦਿਲਾਸਾ ਦਿੱਤਾ। ਪਰ 'ਅਮਨੀ ਤਾਂ ਪਿਉ-ਪੁੱਤਰ ਦੇ ਪਵਿੱਤਰ ਰਿਸ਼ਤੇ ਦੀਆਂ ਤੰਦਾਂ ਨੂੰ ਸਮਝਣੋਂ ਅਸਮਰੱਥ ਸੀ। ਉਹ ਇਹ ਨਾ ਸਮਝੀ ਕਿ ਜੀਵਨ ਸਾਥਣ ਦੇ ਵਿਛੋੜੇ ਨੂੰ ਜਰਦੇ ਬਾਪੂ ਨੇ ਆਪਣੇ ਜੁਆਕਾਂ ਨੂੰ ਕਿਵੇਂ ਪਾਲਿਆ-ਪੜ੍ਹਾਇਆ, ਕਿਉਂਕਿ ਉਸ ਲਈ ਤਾਂ ਗੁਰਪ੍ਰੀਤ ਇਕ ਪਤੀ ਸੀ ਨਾ ਕਿ ਕਿਸੇ ਦਾ ਸਪੁੱਤਰ।

ਆਪਣੇ ਜਿਗਰ ਦੇ ਜਾਏ ਦੇ ਸੁਭਾਅ ਅਤੇ ਸੋਚ ਤੋਂ ਜਾਣੂ ਬਾਪੂ ਨੇ ਕੰਬਦੇ ਹੱਥਾਂ ਨਾਲ ਇਸ਼ਾਰਾ ਕਰਕੇ ਸ਼ਾਂਤ ਰਹਿਣ ਦਾ ਆਦੇਸ਼ ਦਿੱਤਾ। ਗੁਰਪ੍ਰੀਤ ਨੇ ਵੇਟਰ ਤੋਂ ਬਿੱਲ ਮੰਗਵਾਇਆ ਅਤੇ ਅਦਾ ਕਰਕੇ ਟਿੱਪ ਦਿੰਦਾ ਰੈਸਟੋਰੈਂਟ ਤੋਂ ਬਾਹਰ ਨਿਕਲ ਤੁਰਿਆ।

ਉਸ ਦੇ ਜਾਣ ਬਾਅਦ ਰੈਸਟੋਰੈਂਟ 'ਚ ਬੈਠੇ ਲੋਕ ਗੱਲਾਂ ਕਰਨ ਲੱਗੇ 'ਜੇ ਇਹੋ ਜਿਹੇ ਸਪੁੱਤਰ ਹੋਣ ਤਾਂ ਬਿਰਧ ਆਸ਼ਰਮਾਂ 'ਚ ਬਜ਼ੁਰਗਾਂ ਨੂੰ ਰੁਲਣਾ ਨਾ ਪਵੇ' ਕੋਈ ਕਹਿ ਰਿਹਾ ਸੀ ਹੁਣ ਯਤੀਮ ਘਰ ਘੱਟ ਪਰ ਬਿਰਧ ਆਸ਼ਰਮ ਵਧੇਰੇ ਨੇ' ਲੋਕਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਅਮਨੀ ਦੇ ਕੰਨੀ ਪਈਆਂ...।

ਉਸ ਨੂੰ ਅਹਿਸਾਸ ਹੋਇਆ ਗੁਰਪ੍ਰੀਤ ਨੇ ਬਜ਼ੁਰਗ ਬਾਪੂ ਦੇ ਕੰਬਦੇ ਹੱਥਾਂ 'ਚੋਂ ਆਪਣੇ ਬਚਪਨ ਨੂੰ ਵੇਖਿਆ ਹੈ।

-ਬਲਜੀਤ ਸਿੰਘ ਢਿੱਲੋਂ

ਬੂਟ

ਪੀਲੇ ਚਿਹਰੇ ਵਾਲਾ ਮੁਰਕਿਨ ਨਾਂ ਦਾ ਆਦਮੀ, ਜਿਸ ਦੇ ਨੱਕ 'ਤੇ ਨਸਵਾਰ ਦਾ ਰੰਗ ਚੜ੍ਹਿਆ ਹੋਇਆ ਸੀ ਤੇ ਕੰਨਾਂ ਵਿੱਚ ਰੂੰ ਦੇ ਫ਼ੰਬੇ ਦਿੱਤੇ ਹੋਏ ਸਨ, ਹੋਟਲ ਦੇ ਕਮਰੇ ਵਿੱਚੋਂ ਨਿਕਲ ਕੇ ਬਰਾਂਡੇ ਵਿੱਚ ਆਇਆ ਅਤੇ ਫ਼ਟਦੀ ਆਵਾਜ਼ ਵਿੱਚ ਬੋਲਿਆ, "ਸੋਮੀਅਨ! ਨੌਕਰ!" ਉਸ ਦੇ ਡਰੇ ਹੋਏ ਚਿਹਰੇ ਤੋਂ ਇਉਂ ਲੱਗਦਾ ਸੀ ਜਿਵੇਂ ਉਸ ਉੱਪਰ ਛੱਤ ਡਿਗ ਪਈ ਹੋਵੇ ਜਾਂ ਉਸ ਨੂੰ ਕਮਰੇ ਵਿੱਚ ਭੂਤ ਦਿਸੇ ਹੋਣ। "ਸੋਮੀਅਨ।" ਉਹ ਨੌਕਰ ਨੂੰ ਆਪਣੇ ਵੱਲ ਦੌੜਦਿਆਂ ਵੇਖ ਕੇ ਚਿੱਲਾਇਆ, "ਇਸ ਦਾ ਕੀ ਮਤਲਬ ਐ ? ਮੈਂ ਗੰਠੀਆ ਪੀੜਤ ਕਮਜ਼ੋਰ ਆਦਮੀ ਆਂ। ਮੇਰੇ ਪੈਰ ਨੰਗੇ ਨੇ। ਤੂੰ ਮੈਨੂੰ ਹਰ ਵੇਲੇ ਬੂਟ ਪਾਉਣ ਲਈ ਕਿਉਂ ਨ੍ਹੀ ਦਿੰਦਾ ? ਮੇਰੇ ਬੂਟ ਕਿੱਥੇ ਨੇ ?" ਸੋਮੀਅਨ ਮੁਰਕਿਨ ਦੇ ਕਮਰੇ ਵਿੱਚ ਗਿਆ ਅਤੇ ਉਸ ਥਾਂ ਵੱਲ ਵੇਖਿਆ ਜਿੱਥੇ ਉਹ ਬੂਟ ਸਾਫ਼ ਕਰਕੇ ਰੱਖਦਾ ਹੁੰਦਾ ਸੀ। ਉਸ ਨੇ ਆਪਣਾ ਸਿਰ ਖੁਰਚਿਆ। ਬੂਟ ਉਥੇ ਨਹੀਂ ਸਨ। "ਬੂਟ ਕਿੱਥੇ ਗਏ ?" ਸੋਮੀਅਨ ਸੋਚਣ ਲੱਗਿਆ, "ਕੱਲ੍ਹ ਮੈਂ ਥੋੜ੍ਹੀ ਜਿਹੀ ਪੀਤੀ ਹੋਈ ਸੀ। ਮੈਂ ਕਿਤੇ ਹੋਰ ਰੱਖ ਦਿੱਤੇ ਹੋਣੇ ਨੇ। ਮੈਂ ਇਹ ਨਾਲ ਦੇ ਅਭਿਨੇਤ੍ਰੀ ਵਾਲੇ ਕਮਰੇ ਵਿੱਚ ਰੱਖ ਆਇਆ ਹੋਊਂਗਾ।" ਉਸ ਨੇ ਮੁਰਕਿਨ ਨੂੰ ਅਭਿਨੇਤ੍ਰੀ ਦੇ ਕਮਰੇ ਵਿੱਚੋਂ ਬੂਟ ਲੈ ਆਉਣ ਲਈ ਆਖਿਆ। ਖੰਘਦੇ ਖੰਘਦੇ ਮੁਰਕਿਨ ਨੇ ਨਾਲ ਦੇ ਕਮਰੇ ਦੇ ਦਰਵਾਜ਼ੇ ਨੂੰ ਹੌਲੀ ਜਿਹੀ ਖੜਕਾਇਆ। "ਕੌਣ ਐਂ ?" ਇੱਕ ਮਿੰਟ ਬਾਅਦ ਅੰਦਰੋਂ ਔਰਤ ਦੀ ਆਵਾਜ਼ ਆਈ। "ਮੈਂ ਆਂ।" ਮੁਰਕਿਨ ਨੇ ਦੁੱਖ ਭਰੀ ਆਵਾਜ਼ ਵਿੱਚ ਗੱਲ ਸ਼ੁਰੂ ਕੀਤੀ, "ਮੈਡਮ, ਮੁਆਫ਼ ਕਰਨਾ ਮੈਂ ਤੁਹਾਨੂੰ ਪ੍ਰੇਸ਼ਾਨ ਕਰ ਰਿਹਾਂ। ਪਰ ਮੇਰੀ ਸਿਹਤ ਕਮਜ਼ੋਰ ਐ ਤੇ ਮੈਂ ਗੰਠੀਏ ਦਾ ਮਰੀਜ਼ ਆਂ। ਡਾਕਟਰ ਨੇ ਮੈਨੂੰ ਸਖ਼ਤ ਹਦਾਇਤ ਦਿੱਤੀ ਐ ਕਿ ਮੈਂ ਕਦੇ ਨੰਗੇ ਪੈਰੀਂ ਨਾ ਰਹਾਂ।" "ਪਰ ਤੂੰ ਚਾਹੁੰਦਾ ਕੀ ਐਂ ?" "ਮੈਡਮ, ਗੱਲ ਇਹ ਐ ਕਿ ਬੁੱਧੂ ਨੌਕਰ ਸੋਮੀਅਨ ਮੇਰੇ ਬੂਟ ਸਾਫ਼ ਕਰਨ ਮਗਰੋਂ ਗਲਤੀ ਨਾਲ ਤੁਹਾਡੇ ਕਮਰੇ ਵਿੱਚ ਰੱਖ ਦਿੱਤੇ। ਕਿਰਪਾ ਕਰਕੇ ਮੈਨੂੰ ਮੇਰੇ ਬੂਟ ਦੇ ਦਿਉ।" ਬਿਸਤਰੇ ਵਿੱਚੋਂ ਉੱਠਣ ਤੇ ਪੈਰਾਂ ਵਿੱਚ ਸਲੀਪਰ ਪਾਉਣ ਦੀ ਸਰਸਰਾਹਟ ਹੋਈ। ਫ਼ਿਰ ਥੋੜ੍ਹਾ ਜਿਹਾ ਦਰਵਾਜ਼ਾ ਖੁੱਲ੍ਹਿਆ ਅਤੇ ਇੱਕ ਗੋਲ-ਮਟੋਲ ਜ਼ਨਾਨੇ ਹੱਥ ਨੇ ਇੱਕ ਬੂਟਾਂ ਦਾ ਜੋੜਾ ਮੁਰਕਿਨ ਦੇ ਪੈਰਾਂ ਵਿੱਚ ਸੁੱਟ ਦਿੱਤਾ। ਮੁਰਕਿਨ ਨੇ ਅਭਿਨੇਤ੍ਰੀ ਦਾ ਧੰਨਵਾਦ ਕੀਤਾ ਅਤੇ ਆਪਣੇ ਕਮਰੇ ਵਿੱਚ ਚਲਿਆ ਗਿਆ। ਆਪਣੇ ਪੈਰਾਂ ਵਿੱਚ ਬੂਟ ਪਾਉਂਦਿਆਂ ਉਹ ਬੁੜਬੁੜ ਕਰਨ ਲੱਗਿਆ, "ਇਹ ਦੋਵੇਂ ਬੂਟ ਤਾਂ ਖੱਬੇ ਪੈਰ ਦੇ ਨੇ। ਸੋਮੀਅਨ, ਇਹ ਬੂਟ ਮੇਰੇ ਨ੍ਹੀ। ਮੇਰੇ ਬੂਟਾਂ 'ਤੇ ਤਾਂ ਲਾਲ ਰੰਗ ਦੇ ਟੈਗ ਲੱਗੇ ਹੋਏ ਨੇ ਤੇ ਇਨ੍ਹਾਂ 'ਤੇ ਕੋਈ ਟੈਗ ਨ੍ਹੀ।" ਸੋਮੀਅਨ ਨੇ ਬੂਟ ਚੁੱਕ ਕੇ ਕਈ ਵਾਰ ਉਲਟ ਪੁਲਟ ਕੀਤੇ। ਫ਼ਿਰ ਉਹ ਟੀਰੀ ਅੱਖ ਨਾਲ ਵੇਖਦਾ ਬੁੜਬੁੜਾਇਆ, "ਇਹ ਪਾਵੇਲ ਦੇ ਬੂਟ ਨੇ।" "ਕੌਣ ਪਾਵੇਲ ?" "ਅਭਿਨੇਤਾ। ਉਹ ਇਥੇ ਹਰ ਮੰਗਲਵਾਰ ਆਉਂਦੈ। ਮੈਂ ਅਭਿਨੇਤ੍ਰੀ ਦੇ ਕਮਰੇ ਵਿੱਚ ਤੇਰਾ ਤੇ ਉਹਦਾ ਦੋਵੇਂ ਜੋੜੇ ਰੱਖ ਦਿੱਤੇ ਹੋਣੇ ਨੇ। ਉਹ ਤੇਰਾ ਪਾ ਕੇ ਚਲਿਆ ਗਿਆ।" "ਫ਼ਿਰ ਜਾ ਕੇ ਬਦਲ ਲਿਆ।" "ਗੱਲ ਤਾਂ ਤੇਰੀ ਠੀਕ ਐ।" ਸੋਮੀਅਨ ਅੰਦਰੋ ਅੰਦਰੀ ਹੱਸਿਆ, "ਪਰ ਮੈਂ ਉਸ ਨੂੰ ਹੁਣ ਲੱਭਾਂ ਕਿੱਥੇ ? ਉਹ ਤਾਂ ਘੰਟਾ ਪਹਿਲਾਂ ਚਲਿਆ ਗਿਆ।" "ਉਹ ਰਹਿੰਦਾ ਕਿੱਥੇ ਐ ?" "ਕੋਈ ਪਤਾ ਨ੍ਹੀ। ਉਹ ਇਥੇ ਹਰ ਮੰਗਲਵਾਰ ਆਉਂਦੈ ਤੇ ਰਾਤ ਰੁਕ ਕੇ ਸਵੇਰੇ ਚਲਿਆ ਜਾਂਦੈ। ਤੈਨੂੰ ਉਸ ਨੂੰ ਆਉਂਦੇ ਮੰਗਲਵਾਰ ਤਕ ਉਡੀਕਣਾ ਪੈਣੈਂ।" "ਮੂਰਖਾ! ਤੂੰ ਇਹ ਕੀ ਕੀਤਾ ? ਹੁਣ ਮੈਂ ਕੀ ਕਰਾਂ ? ਮੇਰੇ ਪੈਰਾਂ ਨੂੰ ਠੰਢ ਲਗਦੀ ਐ।" "ਤੂੰ ਇਸ ਤਰ੍ਹਾਂ ਕਰ। ਇਹ ਬੂਟ ਪਾ ਕੇ ਥੀਏਟਰ ਚਲਿਆ ਜਾਹ। ਉਥੇ ਜਾ ਕੇ ਉਸ ਨੂੰ ਮਿਲ।" "ਪਰ ਇਹ ਦੋਵੇਂ ਬੂਟ ਖੱਬੇ ਪੈਰ ਦੇ ਕਿਉਂ ਨੇ ?" ਮੁਰਕਿਨ ਨੇ ਸਖ਼ਤ ਨਫ਼ਰਤ ਨਾਲ ਬੂਟ ਚੁੱਕਦਿਆਂ ਪੁੱਛਿਆ। "ਜੋ ਉਸ ਨੂੰ ਮਿਲੇ, ਉਸ ਨੇ ਪਾ ਲਏ। ਅਭਿਨੇਤਾ ਬੂਟ ਕਿੱਥੇ ਖ਼ਰੀਦ ਸਕਦੈ ? ਮੈਂ ਉਸ ਨੂੰ ਆਖਿਆ, 'ਪਾਵੇਲ, ਤੇਰੇ ਬੂਟ ਕਿਹੋ ਜਿਹੇ ਨੇ ? ਇਹ ਤਾਂ ਸ਼ਰਮ ਵਾਲੀ ਗੱਲ ਐ। ਤੇ ਉਹ ਆਖਣ ਲੱਗਿਆ, 'ਇਨ੍ਹਾਂ ਬੂਟਾਂ ਨਾਲ ਤਾਂ ਮੈਂ ਰਾਜਿਆਂ ਮਹਾਰਾਜਿਆਂ ਦੀ ਭੂਮਿਕਾ ਨਿਭਾਈ ਐ।" ਹੌਕੇ ਭਰਦਿਆਂ ਤੇ ਦੁੱਖ ਨਾਲ ਕਰਾਹੁੰਦਿਆਂ ਮੁਰਕਿਨ ਨੇ ਬੂਟ ਆਪਣੇ ਪੈਰਾਂ ਵਿੱਚ ਪਾ ਲਏ ਅਤੇ ਲੰਗੜਾਉਂਦਾ ਤੁਰ ਪਿਆ। ਉਸ ਨੂੰ ਲੱਗਿਆ ਜਿਵੇਂ ਸਾਰੇ ਲੋਕ ਉਸ ਦੇ ਬੂਟਾਂ ਨੂੰ ਹੀ ਵੇਖ ਰਹੇ ਹੋਣ। ਜਦ ਉਹ ਥੀਏਟਰ ਪਹੁੰਚਿਆ, ਤਾਂ ਨਾਟਕ 'ਬਲਿਊਬਿਅਰਡ ਦਾ ਚੌਥਾ ਐਕਟ ਸ਼ੁਰੂ ਹੋਣਾ ਸੀ। ਉਹ ਇੱਕ ਨੌਕਰ ਤੋਂ ਪੁੱਛ ਕੇ ਮਰਦਾਂ ਦੇ ਸ਼ਿੰਗਾਰ ਕਮਰੇ ਵਿੱਚ ਚਲਿਆ ਗਿਆ। ਕੁਝ ਮਰਦ ਅਦਾਕਾਰ ਆਪਣੇ ਕੱਪੜੇ ਬਦਲ ਰਹੇ ਸਨ, ਕੁਝ ਆਪਣੇ ਚਿਹਰਿਆਂ 'ਤੇ ਰੰਗ-ਚਿਤਰ ਬਣਾ ਰਹੇ ਸਨ ਤੇ ਕੁਝ ਹੋਰ ਤੰਬਾਕੂ ਪੀ ਰਹੇ ਸਨ। ਬਲਿਊਬਿਅਰਡ ਰਾਜਾ ਬੋਬੇਸ਼ ਕੋਲ ਖੜ੍ਹਾ ਉਸ ਨੂੰ ਰਿਵਾਲਵਰ ਵਿਖਾ ਰਿਹਾ ਸੀ। "ਤੂੰ ਇਹ ਖ਼ਰੀਦ ਲੈ।" ਬਲਿਊਬਿਅਰਡ ਨੇ ਉਸ ਨੂੰ ਆਖਿਆ, "ਮੈਂ ਇਹ ਅੱਠ ਰੂਬਲ ਦਾ ਖ਼ਰੀਦਿਆ ਸੀ ਪਰ ਮੈਂ ਤੈਨੂੰ ਇਹ ਛੇ ਦਾ ਦੇ ਦਿਆਂਗਾ।" "ਇਸ ਵਿੱਚ ਗੋਲੀਆਂ ਭਰੀਆਂ ਹੋਈਆਂ ਨੇ!" "ਕੀ ਮੈਂ ਮਿਸਟਰ ਪਾਵੇਲ ਨੂੰ ਮਿਲ ਸਕਦਾਂ ?" ਮੁਰਕਿਨ ਨੇ ਅੰਦਰ ਵੜਨ ਸਾਰ ਆਖਿਆ। "ਮੈਂ ਹੀ ਆਂ।" ਬਲਿਊਬਿਅਰਡ ਨੇ ਉਸ ਵੱਲ ਮੂੰਹ ਕਰਦਿਆਂ

ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਜੁਝਾਰ ਨਗਰ ਵਾਸੀਆਂ ਦੀਆਂ ਸੁਣੀਆਂ ਮੁਸ਼ਕਲਾਂ

ਪਟਿਆਲਾ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਨਿਵੇਕਲੇ ਪ੍ਰੋਗਰਾਮ ਪੰਜਾਬ ਸਰਕਾਰ, ਆਪ ਦੇ ਦੁਆਰ ਤਹਿਤ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਸੋਚ ਤੇ ਪਹਿਰਾ ਦਿੰਦੇ ਹੋਏ ਸਿਹਤ ਮੰਤਰੀ ਤੇ ਪਟਿਆਲਾ ਦਿਹਾਤੀ ਦੇ ਵਿਧਾਇਕ ਡਾ. ਬਲਬੀਰ ਸਿੰਘ ਨੇ ਜੁਝਾਰ ਨਗਰ, ਪਟਿਆਲਾ ਦੇ ਪਾਰਕ ਵਿੱਚ ਜਨ-ਸੁਵਿਧਾ ਕੈਂਪ ਦੀ ਰਹਿਨੁਮਾਈ ਕੀਤੀ ਗਈ ਜਿਸ ਵਿੱਚ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਦੀਆਂ ਨਿੱਜੀ ਸਮੱਸਿਆਵਾਂ ਦਾ ਨਿਪਟਾਰਾ ਮੌਕੇ ਤੇ ਹੀ ਕੀਤਾ ਗਿਆ।

ਇਸ ਮੌਕੇ ਜੁਝਾਰ ਨਗਰ ਦੀ ਸਾਹਿਬਜ਼ਾਦਾ ਜੁਝਾਰ ਸਿੰਘ ਨਗਰ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਐਡਵੋਕੇਟ ਪ੍ਰਿਤਪਾਲ ਸਿੰਘ ਭੰਡਾਰੀ ਨੇ ਇਲਾਕੇ ਵਿੱਚ ਪਾਰਕ ਬਣਾਉਣ ਅਤੇ ਆਮ ਆਦਮੀ ਕਲੀਨਿਕ ਦੇ ਉੱਪਰ ਹਾਲ ਕਮਰਾ ਬਣਾਉਣ ਲਈ ਵਿੱਤੀ ਸਹਾਇਤਾ ਉਪਲਬਧ ਕਰਵਾਉਣ ਲਈ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਇਸ ਸਮਾਗਮ ਵਿੱਚ ਡਾ. ਬਲਬੀਰ ਸਿੰਘ ਨਾਲ ਸ਼੍ਰੀ ਜਸਬੀਰ ਸਿੰਘ ਗਾਂਧੀ ਅਤੇ ਸ਼੍ਰੀ ਸੁਰੇਸ਼ ਰਾਏ (ਦਫ਼ਤਰ ਇੰਚਾਰਜ) ਨੇ ਵੀ ਸ਼ਿਰਕਤ ਕੀਤੀ।

ਸਮਾਗਮ ਦੌਰਾਨ ਡਾ. ਬਲਬੀਰ ਸਿੰਘ ਨੇ ਇਲਾਕੇ ਦੇ ਬਕਾਇਆ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਪੂਰਾ ਕਰਨ ਦਾ ਭਰੋਸਾ ਦਿੱਤਾ ਜਿਨ੍ਹਾਂ ਵਿੱਚ ਮੁਹੱਲੇ ਵਿੱਚ ਪੀਣ ਵਾਲੇ ਪਾਣੀ ਦਾ ਯੋਗ ਪ੍ਰਬੰਧ, ਸੀਵਰੇਜ ਨੂੰ ਸੁਚਾਰੂ ਢੰਗ ਨਾਲ ਚਲਾਉਣਾ, ਸਫ਼ਾਈ ਵਿਵਸਥਾ, ਖਰਾਬ ਸਟ੍ਰੀਟ ਲਾਈਟਾਂ ਦੀ ਸਮੇਂ ਤੇ ਮੁਰੰਮਤ ਆਦਿ ਸ਼ਾਮਲ ਹਨ। ਇਸ ਜਨ-ਸੁਵਿਧਾ ਕੈਂਪ ਵਿੱਚ ਸੰਯੁਕਤ ਕਮਿਸ਼ਨਰ ਨਗਰ ਨਿਗਮ ਅਤੇ ਹੋਰ ਅਧਿਕਾਰੀਆਂ ਨੇ ਸ਼ਿਰਕਤ ਕਰਦਿਆਂ ਇਲਾਕਾ ਨਿਵਾਸੀਆਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਜਲਦੀ ਹੱਲ ਕਰਨ ਦਾ ਭਰੋਸਾ ਦਿਵਾਇਆ।

ਵੈਲਫੇਅਰ ਸੁਸਾਇਟੀ ਦੇ ਪੈਟਰਨ ਸ. ਬਲਦੇਵ ਸਿੰਘ ਨੇ ਖਾਸ ਤੌਰ ਤੇ ਪਹੁੰਚੇ ਸਾਰੇ ਸਰਕਾਰੀ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਇਲਾਕਾ ਵਸਨੀਕਾਂ ਦੀਆਂ ਸਮੱਸਿਆਵਾਂ ਜਲਦ ਹੱਲ ਕਰਨ ਲਈ ਆਖਿਆ। ਪਾਰਟੀ ਦੇ ਹੋਣਹਾਰ ਸ਼੍ਰੀ ਪਵਨ ਕੁਮਾਰ ਜੀ (ਸਕੱਤਰ) ਨੇ ਇਸ ਸਮਾਗਮ ਨੂੰ ਨੇਪਰੇ ਚਾੜ੍ਹਣ ਲਈ ਵਿਸ਼ੇਸ਼ ਯੋਗਦਾਨ ਪਾਇਆ। ਸਮਾਗਮ ਦੇ ਅੰਤ ਵਿੱਚ ਸੁਸਾਇਟੀ ਦੇ ਜਨਰਲ ਸਕੱਤਰ ਸ਼੍ਰੀ ਧਰਮਵੀਰ ਸ਼ਰਮਾ ਜੀ ਪਹੁੰਚੇ ਸਾਰੇ ਇਲਾਕਾ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਤੇ ਜਗਦੀਪ ਸਿੰਘ ਜੱਗਾ, ਮੋਹਿਤ ਕੁਮਾਰ, ਰਜਿੰਦਰ ਸਿੰਘ ਮੋਹਲ, ਮੁਕਤਾ ਗੁਪਤਾ, ਕਮਲ ਸ਼ਰਮਾ, ਤਰਸੇਮ ਭਾਰਦਵਾਜ, ਐਨ. ਕੇ. ਜੌਲੀ, ਗੁਰਮੁੱਖ ਸਿੰਘ, ਜਤਿੰਦਰ ਸਿੰਘ ਫ਼ੌਜੀ, ਰਣਜੀਤ ਸਿੰਘ, ਗੁਰਮੀਤ ਸਿੰਘ ਰਾਣਾ, ਹਰਨੂਰ ਸਿੰਘ ਭੰਡਾਰੀ, ਅਰਜੀਤ ਸਿੰਘ ਮਾਣਕ, ਭਾਗ ਸਿੰਘ, ਸੁਖਵਿੰਦਰ ਸਿੰਘ ਗਰੇਵਾਲ, ਸੁਰਿੰਦਰ ਸ਼ਰਮਾ, ਨਿਰਮਲ ਸਿੰਘ, ਜਗਮੇਰ ਸਿੰਘ, ਬਲਵਿੰਦਰ ਸਿੰਘ, ਇੰਜ. ਕੁਲਦੀਪ ਕੁਮਾਰ, ਡਾ. ਅਮਨਦੀਪ ਸਿੰਘ ਭੰਡਾਰੀ, ਸੁਸ਼ੀਲ ਕੁਮਾਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

ਨਗਰ ਨਿਗਮ ਪਟਿਆਲਾ ਦੀਆਂ ਚੋਣਾਂ ਨੂੰ ਲੈ ਕੇ ਸ਼ਿਵ ਸੈਨਾ ਹਿੰਦੂਸਤਾਨ ਦੀ ਅਹਿਮ ਮੀਟਿੰਗ ਆਯੋਜਿਤ

ਪਟਿਆਲਾ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਨਗਰ ਨਿਗਮ ਚੋਣਾਂ ਦੀ ਤਿਆਰੀ ਲਈ ਸ਼ਿਵ ਸੈਨਾ ਹਿੰਦੁਸਤਾਨ ਜਿਲ੍ਹਾ ਪਟਿਆਲਾ ਦੇ ਸੀਨੀਅਰ ਆਗੂਆਂ ਦੇ ਅਧਾਰਿਤ ਬਣਾਈ ਗਈ ਕੋਰ ਕਮੇਟੀ ਦੇ ਅਹਿਮ ਮੈਂਬਰਾਂ ਦੀ ਮੀਟਿੰਗ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਦੇ ਨਿਵਾਸ ਤੇ ਰਾਸ਼ਟਰੀ ਦਫਤਰ ਪਟਿਆਲਾ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਖੁਦ ਸ਼੍ਰੀ ਪਵਨ ਗੁਪਤਾ ਨੇ ਕੀਤੀ।

ਇਸ ਮੀਟਿੰਗ ਵਿੱਚ ਪਾਰਟੀ ਦੀ ਕੋਰ ਕਮੇਟੀ ਨਗਰ ਨਿਗਮ ਪਟਿਆਲਾ ਦੇ ਸੀਨੀਅਰ ਆਗੂ ਸ੍ਰੀ ਕ੍ਰਿਸ਼ਨ ਕੁਮਾਰ ਗਾਬਾ ਚੇਅਰਮੈਨ (ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ), ਸ੍ਰੀ ਰਾਜੇਸ਼ ਕੌਸ਼ਿਕ ਗਗੀ (ਪ੍ਰਧਾਨ ਉੱਤਰੀ ਭਾਰਤ), ਸ੍ਰੀ ਹਿਤੇਸ਼ ਰਿੰਕੂ (ਪੰਜਾਬ ਪ੍ਰਧਾਨ ਆਈਟੀ ਸੈਨਾ), ਸ੍ਰੀ ਰਾਕੇਸ਼ ਕੁਮਾਰ (ਜ਼ਿਲ੍ਹਾ ਮੀਤ ਪ੍ਰਧਾਨ) ਪਟਿਆਲਾ), ਸ੍ਰੀ ਰਵੀ ਸੋਹਲ ਜੀ (ਸ਼ਹਿਰੀ ਪ੍ਰਧਾਨ ਪਟਿਆਲਾ), ਸ੍ਰੀ ਦੀਪਕ ਕੁਮਾਰ (ਮੀਤ ਪ੍ਰਧਾਨ ਪਟਿਆਲਾ) ਆਦਿ ਮੈਂਬਰ ਹਾਜ਼ਰ ਹੋਏ।

ਨਗਰ ਨਿਗਮ ਪਟਿਆਲਾ ਦੀਆਂ ਚੋਣਾਂ ਦੀ ਤਿਆਰੀ ਸਬੰਧੀ ਕੋਰ ਕਮੇਟੀ ਦੇ ਅਹਿਮ ਮੈਂਬਰਾਂ ਨੇ ਦੱਸਿਆ ਕਿ ਸ਼ਿਵ ਸੈਨਾ ਹਿੰਦੁਸਤਾਨ ਨਗਰ ਨਿਗਮ ਪਟਿਆਲਾ ਵੱਲੋਂ ਨਗਰ ਨਿਗਮ ਪਟਿਆਲਾ ਦੀਆਂ ਚੋਣਾਂ ਵਿੱਚ ਭਾਗ ਲੈਣ ਲਈ ਉਮੀਦਵਾਰਾਂ ਦੀ ਚੋਣ ਕੀਤੀ ਜਾ ਰਹੀ ਹੈ ਪਾਰਟੀ ਦੀ ਕੋਰ ਕਮੇਟੀ ਨੇ ਅੱਜ ਦੀ ਮੀਟਿੰਗ ਵਿੱਚ ਦੱਸਿਆ ਕਿ ਪਾਰਟੀ ਵੱਲੋਂ ਹੁਣ ਤੱਕ 30 ਵਾਰਡਾਂ ਵਿੱਚ ਉਮੀਦਵਾਰ ਖੜ੍ਹੇ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਚੋਣ ਪ੍ਰਕਿਰਿਆ ਦੋ ਦਿਨਾਂ ਵਿੱਚ ਮੁਕੰਮਲ ਕਰ ਲਈ ਜਾਵੇਗੀ।

ਨਗਰ ਨਿਗਮ ਪਟਿਆਲਾ ਚੋਣ ਕੋਰ ਕਮੇਟੀ ਸ਼ਿਵ ਸੈਨਾ ਹਿੰਦੁਸਤਾਨ ਦੀ ਅਗਲੇ ਦਿਨਾਂ ਵਿੱਚ ਮੀਟਿੰਗ ਹੋਣ ਤੱਕ ਸਾਰੇ ਸੰਭਾਵੀ ਵਾਰਡਾਂ ਵਿੱਚ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਪੈਨਲ ਸੂਚੀ ਤਿਆਰ ਕਰ ਲਈ ਜਾਵੇਗੀ।

ਅੱਜ ਦੀ ਕੋਰ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਕੌਮੀ ਪ੍ਰਧਾਨ ਸ੍ਰੀ ਪਵਨ ਗੁਪਤਾ ਜੀ ਨੇ ਸਮੂਹ ਸੀਨੀਅਰ ਆਗੂਆਂ ਨੂੰ ਇਸ ਚੋਣ ਦੀ ਤਿਆਰੀ ਅਤੇ ਰਣਨੀਤੀ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਇਹਨਾਂ ਚੋਣਾਂ ਵਿੱਚ ਪਾਰਟੀ ਆਮ ਜਨਤਾ ਦੇ ਹਿੱਤਾਂ ਲਈ ਆਵਾਜ਼ ਉਠਾਉਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵਿਧਾਨਕ ਸ਼ਕਤੀ ਪ੍ਰਾਪਤ ਕਰਨ ਲਈ ਗੰਭੀਰਤਾ ਨਾਲ ਚੋਣਾਂ ਲੜੇਗੀ। ਪਾਰਟੀ ਕਿਸੇ ਸੰਗਠਨ ਨਾਲ ਗਠਜੋੜ ਦੇ ਮੁੱਦੇ 'ਤੇ ਵੀ ਵਿਚਾਰ ਕਰ ਸਕਦੀ ਹੈ।

ਅਰਸ਼ਦੀਪ ਕੌਰ ਦੀ ਨਿੱਘੀ ਯਾਦ ਵਿੱਚ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ

ਬਠਿੰਡਾ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਪੰਚਾਇਤੀ ਧਰਮਸ਼ਾਲਾ ਗੋਨਿਆਣਾ ਮੰਡੀ ਵਿੱਖੇ ਅਰਸ਼ਦੀਪ ਕੌਰ ਦੀ ਨਿੱਘੀ ਯਾਦ ਵਿੱਚ ਸਰਦਾਰ ਰਾਮ ਸਿੰਘ ਮੱਕੜ ਦੇ ਸਪੁੱਤਰ ਗੁਰਦੇਵ ਸਿੰਘ ਪਟਵਾਰੀ ਨੇ ਆਪਣੀ ਸਪੁੱਤਰੀ ਅਰਸ਼ਦੀਪ ਕੌਰ ਜੌਂ ਕੇ ਪਿਛਲੇ ਵਰ੍ਹੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਉਹਨਾਂ ਦੀ ਯਾਦ ਨੂੰ ਸਮਰਪਿਤ ਖ਼ੂਨਦਾਨ ਜਿਸਨੂੰ ਕਿ ਸਭ ਪ੍ਰਕਾਰ ਦੇ ਦਾਨਾ ਵਿੱਚੋ ਵੱਡਾ ਦਾਨ ਕਿਹਾ ਜਾਂਦਾ ਹੈ, ਉਸਦਾ ਇਕ ਕੈਂਪ ਜਤਿੰਦਰ ਸਿੰਘ ਸੀਨੀਅਰ ਬੈਂਕ ਮੈਨੇਜਰ (ਪੀ ਐਨ ਬੀ) ਦੇ ਵਿਸ਼ੇਸ਼ ਸਹਿਯੋਗ ਅਤੇ ਲਾਇਨਜ ਕਲੱਬ ਗੋਨਿਆਨਾ ਹਾਰਮੋਨੀ ਦੇ ਯਤਨਾਂ ਸਦਕਾ ਲਗਾਇਆ ਗਿਆ, ਜਿਸ ਵਿੱਚ ਨੌਜਵਾਨਾਂ ਨੇ ਵੱਧ ਚੜ੍ਹਕੇ ਸਹਿਯੋਗ ਦਿੱਤਾ ਜਿਸ ਦੀ ਬਦੌਲਤ ਲਗਭਗ 52 ਯੂਨਿਟ ਬਲੱਡ ਇਕੱਤਰ ਕੀਤਾ ਗਿਆ ਜਿਸ ਨੂੰ ਅੱਗੇ ਲੋੜਵੰਦਾ ਦੀ ਸਹਾਇਤਾ ਲਈ ਵਰਤਿਆ ਜਾਵੇਗਾ, ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਕਸ਼ਮੀਰੀ ਲਾਲ ਗਰਗ ਨੇ ਇਸ ਕਾਰਜ ਦੀ ਸ਼ਲਾਘਾ ਕੀਤੀ ਅਤੇ ਖ਼ੂਨਦਾਨ ਕਰਨ ਵਾਲੇ ਨੌਜਵਾਨਾਂ ਨੂੰ ਮੈਡਲ ਅਤੇ ਸਨਮਾਨ ਚਿੰਨ ਦੇ ਕੇ ਓਹਨਾ ਦੀ ਹੌਸਲਾ ਅਫ਼ਜਾਈ ਕੀਤੀ, ਇਸ ਮੌਕੇ ਪ੍ਰਮੋਦ ਕਾਕਾ ਸੈਕਟਰੀ ਅੱਗਰਵਾਲ ਸਭਾ ਨੇ ਬੋਲਦਿਆਂ ਗੁਰਦੇਵ ਸਿੰਘ ਪਟਵਾਰੀ ਦੇ ਪਰਿਵਾਰ ਵਲੋ ਕੀਤੇ ਗਏ ਇਸ ਕਾਰਜ ਨੂੰ ਮਹਾਨ ਕਾਰਜ ਦਸਿਆ।

ਇਸ ਮਗਰੋਂ ਸਾਬਕਾ ਪ੍ਰਧਾਨ ਅਮੀਰ ਸਿੰਘ ਮੱਕੜ ਨੇ ਵੀ ਕੈਂਪ ਬਾਰੇ ਬੋਲਦਿਆਂ ਕਿਹਾ ਕਿ ਇਸ ਨਾਲ ਬਹੁਤ ਮਰੀਜ਼ਾਂ ਦੀਆਂ ਜਾਣਾ ਬਚਾਈਆਂ ਜਾ ਸਕਦੀਆਂ ਹਨ, ਇਸ ਮੌਕੇ ਹੋਰਨਾਂ ਤੋਂ ਇਲਾਵਾ ਸੀਨੀਅਰ ਪੱਤਰਕਾਰ ਅਤੇ ਭਾਜਪਾ ਨੇਤਾ ਲਾਜਪਤ ਰਾਏ ਗੋਇਲ, ਦਲਜੀਤ ਸਿੰਘ ਖੁਰਮੀ, ਸੁਰਜੀਤ ਸਿੰਘ ਕੌਂਸਲਰ, ਸੰਦੀਪ ਕੁਮਾਰ ਐਸ ਕੇ ਆਪ ਆਗੂ, ਅਮਨ ਜਿੰਦਲ ਯੂਥ ਆਗੂ ਆਪ, ਲਾਇਨਸ ਕਲੱਬ ਦੇ ਪ੍ਰਧਾਨ ਚੇਤਨ ਗਲਹੋਤਰਾ, ਸੈਕਟਰੀ ਜਸਬੀਰ ਸਿੰਘ (ਸ਼ਿੰਕੂ), ਕੈਸ਼ੀਅਰ ਗੁਰਪ੍ਰੀਤ ਸਿੰਘ, ਪੀ.ਆਰ .ਓ .ਹਰਸ਼ਦੀਪ ਸਿੰਘ, ਪ੍ਰੋਜੇਕਟ ਚੇਅਰਮੈਨ ਸਰਬਜੀਤ ਸਿੰਘ, ਅਸ਼ੋਕ ਮੋਂਗਾ, ਗਗਨਦੀਪ ਸਿੰਘ ਗਗਨਾ, ਆਦਿ ਹਾਜ਼ਰ ਸਨ, ਇਸ ਦੌਰਾਨ ਗੁਰਦੇਵ ਸਿੰਘ ਪਟਵਾਰੀ ਵਲੋ ਸਾਰੇ ਅਏ ਹੋਏ ਦਨੀ ਸਜਣਾ ਅਤੇ ਲਾਇਨਸ ਕਲੱਬ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਦਾ ਇੱਕ ਰੋਜ਼ਾ ਸਲਾਨਾ ਸਭਿਆਚਾਰਕ ਸਮਾਗਮ ਦੀ ਸ਼ਾਨਦਾਰ ਸਮਾਪਤੀ

ਪਟਿਆਲਾ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬੁੱਢਾ ਦਲ ਪਬਲਿਕ ਸਕੂਲ ਵੱਲੋਂ ਇੱਕ ਰੰਗਾ-ਰੰਗ ਸਲਾਨਾ ਸਮਾਗਮ 'ਯੂਫੋਰੀਆ' ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ ਨੇ ਸੱਭਿਆਚਾਰਕ ਮੇਲੇ ਰਾਹੀਂ ਆਪਣੀ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਕੀਤਾ, ਸਗੋਂ ਸਾਲ 2023-24 ਲਈ ਵਿੱਦਿਅਕ ਅਤੇ ਖੇਡ ਗਤੀਵਿਧੀਆਂ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡ ਕੇ ਸਨਮਾਨਿਤ ਕੀਤਾ ਗਿਆ। ਸਕੂਲ ਦੇ ਮੁੱਖ ਸਰਪ੍ਰਸਤ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਜੀ ਅਕਾਲੀ 96 ਕਰੋੜੀ ਦੇ ਅਸ਼ੀਰਵਾਦ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਹੋਈ। ਸਮਾਗਮ ਵਿੱਚ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਸੁਪਤਨੀ ਡਾ. ਸ਼੍ਰੀਮਤੀ ਗੁਰਪ੍ਰੀਤ ਕੌਰ ਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਬੀਬੀ ਮਨਪ੍ਰੀਤ ਕੌਰ ਵੀ ਉਚੇਚੇ ਤੌਰ ਤੇ ਸ਼ਾਮਿਲ ਹੋਏ।

ਇਸ ਮੌਕੇ 'ਤੇ ਸ. ਮਨਦੀਪ ਸਿੰਘ ਸਿੱਧੂ ਡੀ.ਆਈ.ਜੀ. ਪਟਿਆਲਾ ਰੇਂਜ, ਸ਼੍ਰੀਮਤੀ ਈਸ਼ਾ ਸਿੰਘਲ ਏ.ਡੀ.ਸੀ, ਡਾ. ਨਾਨਕ ਸਿੰਘ ਐਸ.ਐੱਸ.ਪੀ. ਨੇ ਵੀ ਵਿਸ਼ੇਸ਼ ਤੌਰ ਤੇ ਸਮੂਲੀਅਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸ. ਮਨਦੀਪ ਸਿੰਘ ਸਿੱਧੂ ਡੀ.ਆਈ.ਜੀ, ਬੀਬਾ ਮਨਪ੍ਰੀਤ ਕੌਰ, ਸ੍ਰੀਮਤੀ ਸੁਖਵਿੰਦਰਜੀਤ ਕੌਰ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਅਤੇ ਸ਼ਬਦ ਗਾਇਨ ਦੀ ਧੁਨੀ ਨਾਲ ਕੀਤੀ ਗਈ। ਜੂਨੀਅਰ ਵਿੰਗ ਦੇ ਨੰਨੇ-ਮੁੰਨੇ ਵਿਦਿਆਰਥੀਆਂ ਨੇ ਵੰਨ-ਸਵੰਨੀਆ ਕਲਾਵਾਂ ਪੇਸ਼ ਕੀਤੀਆਂ। ਸੰਗੀਤਕ ਧੁਨੀ ਤੋਂ ਬਾਅਦ ਛੇਵੀਂ ਤੇ ਸਤਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਕਲਾਵਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਅਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਦਾ ਸਵਾਗਤ ਦਰਸ਼ਕਾਂ ਵੱਲੋਂ ਤਾੜੀਆਂ ਦੀ ਗੂੰਜ ਨਾਲ ਹੋਇਆ। ਨੌਵੀਂ, ਦਸਵੀਂ, ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ 'ਪੰਜਾਬੀ ਵਿਰਸਾ' ਦੀ ਪਰੰਪਰਾ ਭੰਗੜਾ ਅਤੇ ਗਿੱਧਾ ਪੇਸ਼ ਕੀਤਾ ਜੋ ਸਾਰੇ ਹੀ ਦਰਸ਼ਕਾਂ ਦੀ ਪਸੰਦਗੀ ਤੇ ਖਿੱਚ ਦਾ ਕੇਂਦਰ ਰਿਹਾ। ਸਮੁੱਚੇ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੀਆਂ ਪੇਸ਼ਕਾਰੀ ਝਲਕੀਆਂ ਨੇ ਦਰਸ਼ਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਨ ਦੀ ਸੰਭਾਲ ਰੱਖਣ ਦਾ ਸੰਦੇਸ਼ ਦਿੱਤਾ। ਵਿਦਿਆਰਥੀਆਂ ਨੇ ਸਮੁੱਚੇ ਦੇਸ਼ ਦੇ ਵੱਖ-ਵੱਖ ਪ੍ਰਾਂਤਾ ਸਭਿਆਚਾਰ ਨੂੰ ਵੱਖ-ਵੱਖ ਗੀਤ ਝਲਕੀਆਂ ਰਾਹੀਂ ਸੁੰਦਰ ਤਰੀਕੇ ਨਾਲ ਪ੍ਰਦਰਸ਼ਤ ਕੀਤਾ।

ਪਾਠਕ੍ਰਮ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਸਭ ਤੋਂ ਵੱਧ ਪ੍ਰਤਿਭਾਸ਼ਾਲੀ 288 ਵਿਦਿਆਰਥੀਆਂ ਨੂੰ ਟਰਾਫੀਆਂ, ਸਕਾਲਰ ਬਲੇਜ਼ਰ ਅਤੇ ਵਿਦਵਾਨ ਬੈਜ ਦੇ ਰੂਪ ਵਿੱਚ ਸਨਮਾਨ ਪ੍ਰਾਪਤ ਕੀਤੇ। NEET, JEE ਮੇਨ ਇਮਤਿਹਾਨ, NTSE ਅਤੇ CLAT ਪ੍ਰੀਖਿਆਵਾਂ ਵਿੱਚ ਸਭ ਤੋਂ ਵੱਧ ਰੈਂਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ। ਇਸ ਤੋਂ ਇਲਾਵਾ ਚਾਰ ਸਾਬਕਾ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਅਧਿਆਪਕਾਂ ਨੂੰ ਵੀ ਉਹਨਾਂ ਦੀ ਵਧੀਆ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ ਸ਼੍ਰੀ ਮਨਦੀਪ ਸਿੰਘ ਸਿੱਧੂ (ਆਈ.ਪੀ.ਐਸ.) ਡੀ.ਆਈ.ਜੀ. ਪਟਿਆਲਾ ਰੇਂਜ, ਸ਼੍ਰੀਮਤੀ ਈਸ਼ਾ ਸਿੰਘਲ (ਪੀ.ਸੀ.ਐਸ.) ਏ.ਡੀ.ਸੀ. ਪਟਿਆਲਾ, ਡਾ. ਨਾਨਕ ਸਿੰਘ (ਆਈ.ਪੀ.ਐਸ.) ਐਸ.ਐੱਸ.ਪੀ. ਪਟਿਆਲਾ ਨੇ ਵੀ ਸਮੂਲੀਅਤ ਕੀਤੀ। ਸਕੂਲ ਪ੍ਰਧਾਨ ਸ਼੍ਰੀਮਤੀ ਸੁਖਵਿੰਦਰਜੀਤ ਕੌਰ, ਸਕੂਲ ਦੇ ਸਿੱਖਿਆ ਨਿਰਦੇਸ਼ਕ ਅਤੇ ਸਲਾਹਕਾਰ ਐਡਵੋਕੇਟ ਸਰਦਾਰ ਕਰਨ ਰਾਜਬੀਰ ਸਿੰਘ ਜੀ, ਸ੍ਰੀਮਤੀ ਹਰਪ੍ਰੀਤ ਕੌਰ, (ਪ੍ਰਿੰਸੀਪਲ, ਬੁੱਢਾ ਦਲ ਪਬਲਿਕ ਸਕੂਲ, ਪਟਿਆਲਾ) ਸ਼੍ਰੀਮਤੀ ਅਮਨਦੀਪ ਕੌਰ (ਪ੍ਰਿੰਸੀਪਲ, ਬੁੱਢਾ ਦਲ ਪਬਲਿਕ ਸਕੂਲ, ਸਮਾਣਾ), ਸ਼੍ਰੀਮਤੀ ਰੇਖਾ ਕਲਸੀ, (ਇੰਚਾਰਜ, ਬੁੱਢਾ ਦਲ ਪਬਲਿਕ ਸਕੂਲ, ਜ਼ੀਰਕਪੁਰ) ਅਤੇ ਸ਼੍ਰੀਮਤੀ ਭਾਰਤੀ ਕਵਾਤਰਾ, (ਇੰਚਾਰਜ, ਜੂਨੀਅਰ ਵਿੰਗ, ਪਟਿਆਲਾ) ਵੀ ਸ਼ਾਮਲ ਸਨ।

ਸੰਭਲ ਹਿੰਸਾ ਸਬੰਧੀ ਸਪਾ ਐਮਪੀ ਤੇ ਵਿਧਾਇਕ ਦੇ ਪੁੱਤਰ ਖ਼ਿਲਾਫ਼ ਐਫਆਈਆਰ

➢ ਮੇਰੇ ਖ਼ਿਲਾਫ਼ ਝੂਠਾ ਕੇਸ ਦਰਜ ਕੀਤਾ: ਸਪਾ ਐਮਪੀ ਜ਼ਿਆ-ਉਰ-ਰਹਿਮਾਨ ਬਰਕ

➢ ਇਕ ਹੋਰ ਜ਼ਖ਼ਮੀ ਨੇ ਦਮ ਤੋੜਿਆ; ਮ੍ਰਿਤਕਾਂ ਦੀ ਗਿਣਤੀ ਵਧ ਕੇ ਚਾਰ ਹੋਈ

ਸੰਭਲ (ਯੂਪੀ), 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਯੂਪੀ ਪੁਲੀਸ ਨੇ ਮੁਗ਼ਲ ਦੌਰ ਦੀ ਇਕ ਮਸਜਿਦ ਦੇ ਅਦਾਲਤੀ ਹੁਕਮਾਂ ਨਾਲ ਹੋਏ ਸਰਵੇਖਣ ਨੂੰ ਲੈ ਕੇ ਹੋਈ ਹਿੰਸਾ ਦੇ ਸਬੰਧ ਵਿਚ ਸੱਤ ਐਫਆਈਆਰਜ਼ ਦਰਜ ਕੀਤੀਆਂ ਹਨ, ਜਿਨ੍ਹਾਂ ਵਿਚ ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਜ਼ਿਆ-ਉਰ-ਰਹਿਮਾਨ ਬਰਕ ਅਤੇ ਸਥਾਨਕ ਸਪਾ ਵਿਧਾਇਕ ਇਕਬਾਲ ਮਹਿਮੂਦ ਦੇ ਪੁੱਤਰ ਸੋਹੇਲ ਇਕਲਬਾਲ ਨੂੰ ਵੀ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਹ ਜਾਣਕਾਰੀ ਸੋਮਵਾਰ ਨੂੰ ਸਰਕਾਰੀ ਅਧਿਕਾਰੀਆਂ ਨੇ ਦਿੱਤੀ ਹੈ।

ਜ਼ਿਲ੍ਹਾ ਪ੍ਰਸ਼ਾਸਨ ਨੇ ਪਹਿਲਾਂ ਹੀ ਮਨਾਹੀ ਦੇ ਹੁਕਮ ਲਾਗੂ ਕਰ ਦਿੱਤੇ ਹਨ ਅਤੇ 30 ਨਵੰਬਰ ਤੱਕ ਸੰਭਲ ਵਿੱਚ ਬਾਹਰੀ ਲੋਕਾਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਸੰਭਲ ਤਹਿਸੀਲ ਵਿੱਚ ਇੰਟਰਨੈੱਟ ਸੇਵਾਵਾਂ ਮੁਅੱਤਲ ਵੀ ਹਨ ਅਤੇ ਸੋਮਵਾਰ ਨੂੰ ਸਾਰੇ ਸਕੂਲਾਂ ਵਿੱਚ ਛੁੱਟੀ ਦਾ ਐਲਾਨ ਕੀਤਾ ਗਿਆ ਹੈ। ਹਿੰਸਾ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਵੀ ਦਿੱਤੇ ਗਏ ਹਨ।

ਗ਼ੌਰਤਲਬ ਹੈ ਕਿ ਐਤਵਾਰ ਨੂੰ ਸ਼ਾਹੀ ਜਾਮਾ ਮਸਜਿਦ ਦੇ ਸਰਵੇਖਣ ਦਾ ਵਿਰੋਧ ਕਰ ਰਹੇ ਮੁਜ਼ਾਹਰਾਕਾਰੀਆਂ ਦੀ ਪੁਲੀਸ ਨਾਲ ਝੜਪ ਦੌਰਾਨ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ ਸੁਰੱਖਿਆ ਕਰਮਚਾਰੀਆਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਸਮੇਤ ਕਈ ਹੋਰ ਜ਼ਖਮੀ ਹੋ ਗਏ। ਸੋਮਵਾਰ ਨੂੰ ਇਕ ਹੋਰ ਜ਼ਖ਼ਮੀ ਵਿਅਕਤੀ ਦੀ ਮੌਤ ਹੋ ਜਾਣ ਕਾਰਨ ਮ੍ਰਿਤਕਾਂ ਦੀ ਕੁੱਲ ਗਿਣਤੀ ਵਧ ਕੇ 4 ਗਈ ਹੈ।

ਪੋਸਟਮਾਰਟਮ ਰਿਪੋਰਟਾਂ ਬਾਰੇ ਪੁੱਛੇ ਜਾਣ 'ਤੇ ਡਿਵੀਜ਼ਨਲ ਕਮਿਸ਼ਨਰ ਏਕੇ ਸਿੰਘ ਨੇ ਕਿਹਾ ਕਿ ਪਹਿਲੀ ਨਜ਼ਰੇ ਇਹ ਜਾਪਦਾ ਹੈ ਕਿ ਮੌਤ ਦਾ ਕਾਰਨ ਦੇਸੀ ਹਥਿਆਰਾਂ ਦੀਆਂ ਗੋਲੀਆਂ ਸਨ, ਪਰ ਉਨ੍ਹਾਂ ਹੋਰ ਵੇਰਵੇ ਨਹੀਂ ਦਿੱਤੇ। ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੁਲੀਸ ਕਪਤਾਨ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਹਿੰਸਾ ਦੇ ਸਬੰਧ ਵਿੱਚ ਸੱਤ ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚ ਬਰਕ ਅਤੇ ਇਕਬਾਲ ਸਮੇਤ ਛੇ ਲੋਕਾਂ ਦੇ ਨਾਂ ਦਰਜ ਹਨ ਅਤੇ 2,750 ਹੋਰ ਅਣਪਛਾਤੇ ਹਨ।

ਉਨ੍ਹਾਂ ਕਿਹਾ, "ਬਰਕ ਵੱਲੋਂ ਪਹਿਲਾਂ ਦਿੱਤੇ ਬਿਆਨ ਕਾਰਨ ਸਥਿਤੀ ਵਿਗੜ ਗਈ। ਉਸ ਨੂੰ ਇਸ ਲਈ ਪਹਿਲਾਂ ਹੀ ਨੋਟਿਸ ਜਾਰੀ ਕੀਤਾ ਗਿਆ ਸੀ। ਅਧਿਕਾਰੀ ਨੇ ਕਿਹਾ ਕਿ ਬਰਕ ਦੀ "ਜਾਮਾ ਮਸਜਿਦ ਦੀ ਹਿਫਾਜ਼ਤ" ਵਾਲੀ ਟਿੱਪਣੀ ਕਾਰਨ ਲੋਕ ਲਾਮਬੰਦ ਹੋਏ ਤੇ ਭੜਕ ਪਏ। ਇਹ ਪੁੱਛੇ ਜਾਣ 'ਤੇ ਕਿ ਸੰਸਦ ਮੈਂਬਰ ਤਾਂ ਐਤਵਾਰ ਨੂੰ ਸੰਭਲ ਵਿਚ ਹੀ ਨਹੀਂ ਸੀ, ਸਗੋਂ ਬੰਗਲੂਰੂ ਵਿਚ ਸੀ ਤਾਂ ਕੁਮਾਰ ਨੇ ਕਿਹਾ ਕਿ ਬਰਕ ਨੂੰ ਉਸ ਦੇ ਪਹਿਲੇ ਬਿਆਨਾਂ ਦੇ ਅਧਾਰ 'ਤੇ ਨਾਮਜ਼ਦ ਕੀਤਾ ਗਿਆ ਹੈ।

ਵਿਰੋਧੀ ਧਿਰ ਦੇ ਹੰਗਾਮੇ ਕਾਰਨ ਸੰਸਦ ਦੇ ਦੋਵੇਂ ਸਦਨ ਬੁੱਧਵਾਰ ਤੱਕ ਉਠਾਏ

80-90 ਵਾਰ ਨਕਾਰੇ ਹੋਏ ਲੋਕ ਸੰਸਦ ਨਹੀਂ ਚੱਲਣ ਦੇ ਰਹੇ: ਮੋਦੀ

ਨਵੀਂ ਦਿੱਲੀ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਰੋਧੀ ਧਿਰ ਵੱਲੋਂ ਵੱਖ-ਵੱਖ ਮੁੱਦਿਆਂ ਖ਼ਾਸਕਰ ਅਡਾਨੀ ਰਿਸ਼ਵਤਖੋਰੀ ਮਾਮਲੇ ਅਤੇ ਯੂਪੀ ਦੇ ਸੰਭਲ ਤੇ ਮਨੀਪੁਰ ਹਿੰਸਾ ਨੂੰ ਲੈ ਕੇ ਸੋਮਵਾਰ ਨੂੰ ਸੰਸਦ ਦੇ ਦੋਵੇਂ ਸਦਨਾਂ - ਲੋਕ ਸਭਾ ਤੇ ਰਾਜ ਸਭਾ ਵਿਚ ਕੀਤੇ ਗਏ ਹੰਗਾਮੇ ਦਰਮਿਆਨ ਦੋਵੇਂ ਸਦਨਾਂ ਦੀ ਕਾਰਵਾਈ ਕੋਈ ਖ਼ਾਸ ਕੰਮ-ਕਾਜ ਕੀਤੇ ਬਿਨਾਂ ਬੁੱਧਵਾਰ 27 ਨਵੰਬਰ ਤੱਕ ਉਠਾ ਦਿੱਤੀ ਗਈ ਹੈ। ਅੱਜ ਸੰਸਦ ਦੇ ਸਰਦ ਰੁੱਤ ਸੈਸ਼ਨ ਦਾ ਪਹਿਲਾ ਦਿਨ ਸੀ। ਰਾਜ ਸਭਾ ਦੀ ਕਾਰਵਾਈ ਸੋਮਵਾਰ ਨੂੰ ਉਦੋਂ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ ਜਦੋਂ ਕਾਂਗਰਸ ਦੀ ਅਗਵਾਈ ਵਿਚ ਵਿਰੋਧੀ ਪਾਰਟੀਆਂ ਨੇ ਅਡਾਨੀ ਸਮੂਹ ਦੇ ਸੰਸਥਾਪਕ ਚੇਅਰਮੈਨ ਗੌਤਮ ਅਡਾਨੀ ਉਤੇ ਲੱਗੇ ਰਿਸ਼ਵਤ ਦੇਣ ਕਥਿਤ ਮਾਮਲੇ ਵਿਚ ਅਮਰੀਕੀ ਅਦਾਲਤ ਵਿੱਚ ਦੋਸ਼ ਲਾਏ ਜਾਣ ਦਾ ਮੁੱਦਾ ਉਠਾਉਣ ਦੀ ਕੋਸ਼ਿਸ਼ ਕੀਤੀ। ਇਸੇ ਤਰ੍ਹਾਂ ਲੋਕ ਸਭਾ ਵੀ ਜਦੋਂ ਦੁਪਹਿਰ ਵੇਲੇ

ਜੁੜੀ ਤਾਂ ਵਿਰੋਧੀ ਧਿਰ ਦੇ ਮੈਂਬਰ ਉੱਤਰ ਪ੍ਰਦੇਸ਼ ਦੇ ਸੰਭਲ ਵਿੱਚ ਹੋਈ ਹਿੰਸਾ ਨੂੰ ਲੈ ਕੇ ਨਾਅਰੇਬਾਜ਼ੀ ਕਰਦੇ ਹੋਏ ਅਤੇ ਇੱਕ ਅਮਰੀਕੀ ਅਦਾਲਤ ਵਿੱਚ ਉੱਘੇ ਕਾਰੋਬਾਰੀ ਅਡਾਨੀ ਵਿਰੁੱਧ ਲਗਾਏ ਗਏ ਦੋਸ਼ਾਂ ਦੀ ਜਾਂਚ ਦੀ ਮੰਗ ਕਰਦੇ ਸੁਣੇ ਗਏ। ਇਸ ਮੌਕੇ ਸਦਨ ਦੀ ਕਾਰਵਾਈ ਚਲਾ ਰਹੇ ਭਾਜਪਾ ਮੈਂਬਰ ਸੰਧਿਆ ਰੇਅ ਨੇ ਪੁੱਛਿਆ ਕਿ ਕੀ ਮੈਂਬਰ ਸਦਨ ਦੀ ਕਾਰਵਾਈ ਚੱਲਣ ਦੇਣ ਦੇ ਇੱਛੁਕ ਨਹੀਂ ਹਨ।

ਇਸ ਤੋਂ ਬਾਅਦ ਉਨ੍ਹਾਂ ਬੁੱਧਵਾਰ ਤੱਕ ਕਾਰਵਾਈ ਮੁਲਤਵੀ ਕਰ ਦਿੱਤੀ। ਇਸ ਤੋਂ ਪਹਿਲਾਂ, ਇਸ ਸਾਲ ਸੰਸਦੀ ਚੋਣਾਂ ਜਿੱਤਣ ਵਾਲੇ ਦੋ ਸੰਸਦ ਮੈਂਬਰਾਂ ਸਮੇਤ ਵਿਛੜੇ ਮੈਂਬਰਾਂ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਲੋਕ ਸਭਾ ਦੀ ਕਾਰਵਾਈ ਦੁਪਹਿਰ 12 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ ਸੀ।

ਗ਼ੌਰਤਲਬ ਹੈ ਕਿ ਮੰਗਲਵਾਰ ਨੂੰ ਸੰਸਦ ਦਾ ਸੰਵਿਧਾਨ ਸਭਾ ਦੁਆਰਾ ਸੰਵਿਧਾਨ ਨੂੰ ਅਪਣਾਏ ਜਾਣ ਦੀ 75ਵੀਂ ਵਰ੍ਹੇਗੰਢ ਦੇ ਸਾਲ ਭਰ ਚੱਲਣ ਵਾਲੇ ਜਸ਼ਨਾਂ ਦੀ ਸ਼ੁਰੂਆਤ ਕਰਨ ਲਈ ਦੇ ਸੈਂਟਰਲ ਹਾਲ ਭਾਵ ਸੰਵਿਧਾਨ ਸਦਨ ਵਿੱਚ ਇੱਕ ਵਿਸ਼ੇਸ਼ ਸਮਾਗਮ ਕੀਤਾ ਜਾਵੇਗਾ।

ਰਾਜ ਸਭਾ ਵਿਚ ਚੇਅਰਮੈਨ ਜਗਦੀਪ ਧਨਖੜ ਨੇ ਸਦਨ ਦੀ ਮੇਜ਼ 'ਤੇ ਸੂਚੀਬੱਧ ਕੰਮ-ਕਾਜ ਬਾਰੇ ਕਾਗਜ਼ ਰੱਖੇ ਜਾਣ ਅਤੇ ਚਲਾਣਾ ਕਰ ਗਏ ਸਾਬਕਾ ਸੰਸਦ ਮੈਂਬਰਾਂ ਨੂੰ ਸ਼ਰਧਾਂਜਲੀ ਦਿੱਤੇ ਜਾਣ ਤੋਂ ਫ਼ੌਰੀ ਬਾਅਦ ਨਿਯਮ 267 ਦੇ ਤਹਿਤ ਭੇਜੇ ਗਏ 13 ਨੋਟਿਸਾਂ ਨੂੰ ਰੱਦ ਕਰ ਦਿੱਤਾ, ਜਿਨ੍ਹਾਂ ਵਿੱਚ ਸੱਤ ਨੋਟਿਸ 26.5 ਕਰੋੜ ਅਮਰੀਕੀ ਡਾਲਰ ਦੀ ਰਿਸ਼ਵਤ ਦੇ ਕਥਿਤ ਭੁਗਤਾਨ ਬਾਰੇ ਅਮਰੀਕੀ ਦੋਸ਼ਾਂ ਉਤੇ ਚਰਚਾ ਕਰਨ ਦੀ ਮੰਗ ਨਾਲ ਸਬੰਧਤ ਸਨ।

ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਜੋ ਕਿ ਅਡਾਨੀ ਰਿਸ਼ਵਤ ਦੇ ਮੁੱਦੇ 'ਤੇ ਚਰਚਾ ਕਰਨ ਦੀ ਮੰਗ ਕਰਨ ਵਾਲੇ ਸੱਤ ਮੈਂਬਰਾਂ ਵਿੱਚ ਸ਼ਾਮਲ ਸਨ, ਨੇ ਕਿਹਾ ਕਿ ਜੇ ਸੂਚੀਬੱਧ ਕੰਮ-ਕਾਜ ਨੂੰ ਮੁਅੱਤਲ ਕਰ ਦਿੱਤਾ ਜਾਵੇ ਤਾਂ ਵਿਰੋਧੀ ਪਾਰਟੀਆਂ ਇਹ ਬਿਆਨ ਕਰ ਸਕਦੀਆਂ ਹਨ ਕਿ ਕਿਵੇਂ ਇਹ 'ਬਹੁਤ ਅਹਿਮ' ਮੁੱਦਾ ਪੂਰੇ ਦੇਸ਼ ਨੂੰ ਪ੍ਰਭਾਵਤ ਕਰ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਸ਼ਵ ਪੱਧਰ 'ਤੇ ਦੇਸ਼ ਦਾ ਅਕਸ ਖਰਾਬ ਹੋਇਆ ਹੈ ਅਤੇ ਫਿਰ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਡਾਨੀ ਦਾ ਸਮਰਥਨ ਕਰ ਰਹੇ ਹਨ। ਇਸ 'ਤੇ ਧਨਖੜ ਨੇ ਆਦੇਸ਼ ਦਿੱਤਾ ਕਿ ਖੜਗੇ ਜੋ ਵੀ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। ਕਾਂਗਰਸ ਅਤੇ ਖੱਬੀਆਂ ਪਾਰਟੀਆਂ ਨੇ ਚਰਚਾ ਲਈ ਜ਼ੋਰ ਦਿੱਤੇ ਜਾਣ ਅਤੇ ਮੈਂਬਰਾਂ ਦੇ ਹੰਗਾਮੇ ਕਾਰਨ ਕਾਰਵਾਈ 15 ਮਿੰਟ ਲਈ ਮੁਲਤਵੀ ਕਰ ਦਿੱਤੀ ਗਈ। ਜਦੋਂ ਸਦਨ 11.45 ਵਜੇ ਦੁਬਾਰਾ ਜੁੜਿਆ ਤਾਂ ਚੇਅਰਮੈਨ ਨੇ ਕਿਹਾ ਕਿ ਉਹ ਸਦਨ ਦੇ ਮੈਂਬਰਾਂ ਲਈ ਸਭ ਤੋਂ ਵੱਧ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਸੂਚੀਬੱਧ ਕੰਮਕਾਜ ਨੂੰ ਜਾਰੀ ਰੱਖਣ ਦੇਣ ਦੀ ਅਪੀਲ ਕੀਤੀ। ਪਰ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਨੂੰ ਵੱਖ-ਵੱਖ ਮਾਮਲੇ ਉਠਾਉਂਦਿਆਂ ਸੁਣਿਆ ਗਿਆ। ਇਸ ਤੋਂ ਬਾਅਦ ਚੇਅਰਮੈਨ ਨੇ ਸਦਨ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ।

ਅਸ਼ੀਰਵਾਦ ਸਕੀਮ ਤਹਿਤ 9.51 ਕਰੋੜ ਰੁਪਏ ਜਾਰੀ: ਡਾ.ਬਲਜੀਤ ਕੌਰ

ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ 1867 ਲਾਭਪਾਤਰੀਆਂ ਨੂੰ ਦਿੱਤਾ ਗਿਆ ਲਾਭ

ਚੰਡੀਗੜ੍ਹ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਅਤੇ ਅਨੁਸੂਚਿਤ ਜਾਤੀਆਂ ਦੇ 1867 ਲਾਭਪਾਤਰੀਆਂ ਨੂੰ 9.51 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੀ ਭਲਾਈ ਲਈ ਸੂਬਾ ਸਰਕਾਰ ਤੇਜ਼ੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਜਿਲਾ ਬਰਨਾਲਾ, ਫਰੀਦਕੋਟ, ਹੁਸ਼ਿਆਰਪੁਰ, ਜਲੰਧਰ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਰੂਪਨਗਰ, ਐਸ.ਏ.ਐਸ ਨ ?ਗਰ, ਐਸ.ਬੀ.ਐਸ.ਨਗਰ, ਸੰਗਰੂਰ ਅਤੇ ਮਾਲੇਰਕੋਟਲਾ ਦੇ ਸਾਲ 2023-24 ਦੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਦੇ ਲਾਭਪਾਤਰੀਆਂ ਦੀਆਂ ਪੈਂਡਿੰਗ ਦਰਖਾਸਤਾਂ ਸਾਲ 2024-25 ਦੌਰਾਨ ਅਸ਼ੀਰਵਾਦ ਪੋਰਟਲ ਤੇ ਪ੍ਰਾਪਤ ਕੁੱਲ 1331 ਲਾਭਪਾਤਰੀਆਂ ਨੂੰ 6.78 ਕਰੋੜ ਰੁਪਏ ਜਾਰੀ ਕੀਤੇ ਗਏ ਹਨ।

ਕੈਬਿਨਟ ਮੰਤਰੀ ਨੇ ਅੱਗੇ ਦੱਸਿਆ ਕਿ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਸੂਬਾ ਸਰਕਾਰ ਲਗਾਤਾਰ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਜਿਲਾ ਬਠਿੰਡਾ, ਰੂਪਨਗਰ, ਐਸ.ਏ.ਐਸ. ਨਗਰ ਅਤੇ ਐਸ.ਬੀ.ਐਸ.ਨਗਰ ਦੇ ਸਾਲ 2023-

24 ਦੇ ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਦੀਆਂ ਪੈਂਡਿੰਗ ਦਰਖਾਸਤਾਂ ਸਾਲ 2024-25 ਦੌਰਾਨ ਅਸ਼ੀਰਵਾਦ ਪੋਰਟਲ ਤੇ ਪ੍ਰਾਪਤ ਕੁੱਲ 536 ਲਾਭਪਾਤਰੀਆਂ ਨੂੰ 2.73 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਰਾਸ਼ੀ ਰਾਹੀਂ ਬਠਿੰਡਾ ਦੇ 196, ਰੂਪਨਗਰ ਦੇ 74, ਐਸ.ਏ.ਐਸ.ਨਗਰ ਦੇ 63 ਅਤੇ ਸ਼ਹੀਦ ਭਗਤ ਸਿੰਘ ਨਗਰ ਦੇ 203, ਕੁੱਲ 536 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾ ਤੋਂ ਸਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਵੇ, ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈ ਸਕਦੀਆਂ ਹਨ।

ਕੈਬਿਨਟ ਮੰਤਰੀ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਨ੍ਹਾ ਨੂੰ ਆਰਥਿਕ ਤੌਰ ਤੇ ਹੋਰ ਮਜ਼ਬੂਤ ਕਰਨ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ।

ਪ੍ਰਾਈਵੇਟ ਸਕੂਲਾਂ ਵੱਲੋਂ ਸਰਕਾਰੀ ਹੁਕਮਾਂ ਦੀ ਪਾਲਣਾ ਨਾ ਕਰਨ ਤੇ ਹੋਵੇਗੀ ਸਖਤ ਕਾਰਵਾਈ: ਚੇਅਰਮੈਨ ਕੰਵਰਦੀਪ ਸਿੰਘ

ਚੰਡੀਗੜ੍ਹ, 26 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ ਵੱਲੋਂ ਰਾਜ ਦੇ ਪ੍ਰਾਈਵੇਟ ਸਕੂਲਾਂ ਵਿੱਚ ਗਰਮੀਆਂ ਅਤੇ ਸਰਦੀਆਂ ਦੇ ਮੌਸਮ ਵਿੱਚ ਸਕੂਲ ਖੁੱਲਣ ਦੇ ਸਮੇਂ ਸਬੰਧੀ ਸਿੱਖਿਆ ਵਿਭਾਗ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਸਬੰਧੀ ਸਖਤ ਨੋਟਿਸ ਲਿਆ ਹੈ।

ਕਮਿਸ਼ਨ ਦੇ ਚੇਅਰਮੈਨ ਕੰਵਰਦੀਪ ਸਿੰਘ ਨੇ ਦੱਸਿਆ ਕਿ ਕਈ ਪ੍ਰਾਈਵੇਟ ਸਕੂਲ ਸਿੱਖਿਆ ਵਿਭਾਗ ਦੇ ਆਦੇਸ਼ਾਂ ਨੂੰ ਅਣਡਿੱਠਾ ਕਰਦੇ ਹੋਏ ਨਿਰਧਾਰਤ ਸਮੇਂ ਤੋਂ ਪਹਿਲਾਂ ਸਕੂਲ ਖੋਲ੍ਹਦੇ ਹਨ, ਜਿਸ ਨਾਲ ਧੁੰਦ ਅਤੇ ਠੰਡ ਦੇ ਮੌਸਮ ਵਿੱਚ ਬੱਚਿਆਂ ਦੀ ਸੁਰੱਖਿਆ ਖਤਰੇ ਵਿੱਚ ਪੈ ਸਕਦੀ ਹੈ। ਪਿਛਲੇ ਦਿਨਾਂ 'ਚ ਕਈ ਥਾਵਾਂ ਤੇ ਸਕੂਲੀ ਬੱਸਾਂ ਨਾਲ ਹਾਦਸਿਆਂ

ਦੇ ਮਾਮਲੇ ਸਾਹਮਣੇ ਆਏ ਹਨ, ਜਿਸ ਨਾਲ ਬੱਚਿਆਂ ਦੀ ਜਾਨ ਨੂੰ ਖਤਰਾ ਪੈਦਾ ਹੋਇਆ। ਕਮਿਸ਼ਨ ਵੱਲੋਂ ਇਸ ਮਾਮਲੇ ਦਾ ਸਖਤ ਨੋਟਿਸ ਲੈਂਦੇ ਹੋਏ ਸਕੂਲ ਸਿੱਖਿਆ ਵਿਭਾਗ ਨੂੰ ਹਦਾਇਤ ਕੀਤੀ ਹੈ ਕਿ ਜਿਹੜੇ ਪ੍ਰਾਈਵੇਟ ਸਕੂਲ ਸਰਕਾਰੀ ਹੁਕਮਾਂ ਦੀ ਉੱਲੰਘਣਾ ਕਰਦੇ ਹਨ ਉਨ੍ਹਾਂ ਵਿਰੁੱਧ ਸਖਤੀ ਨਾਲ ਨਿਪਟਿਆ ਜਾਵੇ।

ਕੁੰਡੀਆਂ ਦੇ ਸਿੰਙ ਫ

ਗਿੱਦੜਬਾਹਾ 'ਚ 'ਆਪ' ਦੇ ਡਿੰਪੀ ਢਿੱਲੋਂ ਨੇ ਮਾਰੀ ਬਾਜੀ

ਏਜੰਸੀਆਂ

ਗਿੱਦੜਬਾਹਾ 26 ਨਵੰਬਰ। ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਆ ਗਏ ਹਨ। ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿਚ ਸਭ ਤੋਂ ਪਹਿਲਾਂ ਬੈਲੇਟ ਪੇਪਰ ਦੀ ਗਿਣਤੀ

ਕੀਤੀ ਗਈ। ਜਿਸ ਵਿਚ ਆਮ ਆਦਮੀ ਪਾਰਟੀ ਦੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਵੱਡੀ ਜਿੱਤ ਹਾਸਲ ਕੀਤੀ। ਡਿੰਪੀ ਢਿੱਲੋਂ ਲਗਾਤਾਰ ਅੱਗੇ ਹੀ ਚੱਲਦੇ ਰਹੇ। ਇਥੇ ਕੁੱਲ 13 ਰਾਊਂਡ ਵਿਚ ਗਿਣਤੀ ਪੂਰੀ ਹੋਈ। ਇਥੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ 21801 ਵੋਟਾਂ ਦੇ ਵੱਡੇ ਫਰਕ ਨਾਲ ਜੇਤੂ ਰਹੇ ਹਨ। ਡਿੰਪੀ ਢਿੱਲੋਂ ਨੂੰ 71198 ਵੋਟਾਂ ਹਾਸਲ ਹੋਈਆਂ ਜਦਕਿ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਦੂਜੇ ਨੰਬਰ 'ਤੇ ਰਹੇ ਜਿਨ੍ਹਾਂ ਨੂੰ 49397 ਵੋਟਾਂ ਮਿਲੀਆਂ ਅਤੇ ਉਨ੍ਹਾਂ ਨੂੰ ਵੋਟਾਂ ਦੇ ਵੱਡੇ ਫਰਕ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਹਲਕੇ ਵਿਚ ਸਭ ਤੋਂ ਪਤਲੀ ਹਾਲਤ ਮਨਪ੍ਰੀਤ ਸਿੰਘ ਬਾਦਲ ਦੀ ਰਹੀ ਹੈ। ਜਿਨ੍ਹਾਂ ਨੂੰ ਮਹਿਜ 12174 ਵੋਟਾਂ ਨਾਲ ਹੀ ਸਬਰ ਕਰਨਾ ਪਿਆ। ਦੱਸਣਯੋਗ ਹੈ ਕਿ ਸਭ ਤੋਂ ਪਹਿਲਾਂ ਬੈਲੇਟ ਪੇਪਰ ਦੀ ਗਿਣਤੀ ਕੀਤੀ ਗਈ। ਜਿਸ ਵਿਚ ਆਮ ਆਦਮੀ ਪਾਰਟੀ ਦੇ ਹਰਦੀਪ ਸਿੰਘ ਡਿੰਪੀ ਢਿੱਲੋਂ ਅੱਗੇ ਰਹੇ। ਜਿਸ ਤੋਂ ਬਾਅਦ ਡਿੰਪੀ ਢਿੱਲੋਂ ਲਗਾਤਾਰ ਅੱਗੇ ਹੀ ਚੱਲਦੇ ਰਹੇ। ਇਥੇ ਕੁੱਲ 16 ਰਾਊਂਡ ਵਿਚ ਗਿਣਤੀ ਪੂਰੀ ਹੋਈ। ਸਾਰੇ ਰੁਝਾਨਾਂ ਵਿਚ ਡਿੰਪੀ ਢਿੱਲੋਂ ਹੀ ਅੱਗੇ ਚੱਲਦੇ ਰਹੇ। ਵੋਟਿੰਗ ਗਿਣਤੀ ਵਿਚ ਕੋਈ ਅੜਚਣ ਨਾ ਪਵੇ ਇਸ ਲਈ ਪੁਲਸ ਵਲੋਂ ਪੁਖਤਾ ਪ੍ਰਬੰਧ ਕੀਤੇ ਗਏ ਹਨ। 20 ਨਵੰਬਰ ਨੂੰ ਚਾਰ ਸੀਟਾਂ 'ਤੇ ਕੁੱਲ 63.91 ਫੀਸਦੀ ਵੋਟਿੰਗ ਹੋਈ। ਸਭ ਤੋਂ ਵੱਧ ਵੋਟਿੰਗ ਗਿੱਦੜਬਾਹਾ ਵਿਚ 81.90 ਫੀਸਦੀ ਹੋਈ ਚੱਬੇਵਾਲ ਵਿਚ ਸਭ ਤੋਂ ਘੱਟ 53.43 ਫੀਸਦੀ ਵੋਟਿੰਗ ਹੋਈ। ਇਥੇ ਪੁਰਸ਼ਾਂ ਦੀ ਮੁਕਾਬਲੇ ਔਰਤਾਂ ਨੇ ਵੱਧ ਵੋਟ ਕੀਤੀ। ਇਥੇ 42,591 ਔਰਤਾਂ ਅਤੇ 42,585 ਮਰਦਾਂ ਨੇ ਵੋਟਿੰਗ ਕੀਤੀ। ਡੇਰਾ ਬਾਬਾ ਨਾਨਕ ਵਿਚ 64.01 ਫੀਸਦੀ ਅਤੇ ਬਰਨਾਲਾ ਵਿਚ 56.34 ਫੀਸਦੀ ਵੋਟਿੰਗ ਹੋਈ ਹੈ।

ਪੁਰਾਣੇ ਦੋਸਤ ਨੇ ਲੋਨ ਦਿਵਾ ਕੇ ਤੇ ਘਰ ਵਿਕਵਾ ਕੇ ਠੱਗੇ ਪੈਸੇ

ਸਰਦੂਲ ਸਿੰਘ

ਜਲੰਧਰ 26 ਨਵੰਬਰ। ਪੁਰਾਣੇ ਦੋਸਤ 'ਤੇ ਭਰੋਸਾ ਕਰਕੇ ਵੱਖ-ਵੱਖ ਫਾਈਨਾਂਸਰਾਂ ਤੋਂ ਲੋਨ ਦਿਵਾ ਕੇ ਉਕਤ ਰਕਮ ਡਕਾਰਨ ਦੇ ਬਾਅਦ ਵੀ ਦੋਸਤ ਦਾ ਘਰ ਵਿਕਵਾ ਕੇ ਪੈਸੇ ਠੱਗਣ ਵਾਲੇ ਮੁਲਜਮ ਨੇ ਦੋਸਤ ਦੇ ਹੀ ਚੋਰੀ ਹੋਏ ਸਾਈਨ ਕੀਤੇ ਚੈੱਕ ਲਾ ਕੇ ਉਸ ਨੂੰ ਫਸਾਉਣ ਲਈ ਝੂਠੀਆਂ ਸ਼ਿਕਾਇਤਾਂ ਕਰ ਦਿੱਤੀਆਂ। ਪੀੜਤ ਹੁਣ ਆਪਣੀ ਬਜੁਰਗ ਮਾਂ ਨਾਲ ਇਨਸਾਫ ਲਈ ਸੀ. ਪੀ. ਆਫਿਸ ਦੇ ਚੱਕਰ ਲਾ ਰਿਹਾ ਹੈ ਪਰ ਕੁਝ ਮੁਲਾਜਮਾਂ ਕਾਰਨ ਉਸ ਨੂੰ ਇਨਸਾਫ ਨਹੀਂ ਮਿਲ ਪਾ ਰਿਹਾ। ਪੀੜਤ ਦਾ ਕਹਿਣਾ ਹੈ ਕਿ ਉਸ ਦੇ ਦੋਸਤ ਨੇ ਪੁਲਸ ਮੁਲਾਜਮ ਦੇ ਨਾਂ 'ਤੇ ਹੀ ਘਰ ਦੇ ਦਸਤਾਵੇਜ ਕੀਤੇ ਹਨ। ਜਾਣਕਾਰੀ ਦਿੰਦਿਆਂ ਅਤੁਲ ਕਪਿਲਾ ਪੁੱਤਰ ਰਵਿੰਦਰ ਕਪਿਲਾ ਨਿਵਾਸੀ ਮੋਹਨ ਵਿਹਾਰ ਲੱਧੇਵਾਲੀ ਨੇ ਦੱਸਿਆ ਕਿ ਦਵਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ ਨਿਵਾਸੀ ਕੀਰਤੀ ਨਗਰ, ਉਸ ਨਾਲ ਪੜ੍ਹਿਆ ਹੋਇਆ ਹੈ ਅਤੇ ਕਾਫੀ ਪੁਰਾਣਾ ਦੋਸਤ ਹੈ। ਉਨ੍ਹਾਂ ਕਿਹਾ ਕਿ ਉਹ ਕੰਮ ਨਾ ਹੋਣ ਕਾਰਨ ਦੁਬਈ ਤੋਂ ਭਾਰਤ ਵਾਪਸ ਮੁੜ ਆਇਆ ਸੀ, ਉਦੋਂ ਦਵਿੰਦਰ ਸਿੰਘ ਟ੍ਰੈਵਲ ਏਜੰਟੀ ਦਾ ਕੰਮ ਕਰਦਾ ਸੀ। ਵਾਪਸ ਆਉਣ 'ਤੇ ਦਵਿੰਦਰ ਨੇ ਉਸ ਨੂੰ ਭਰੋਸਾ ਦਿੱਤਾ ਕਿ ਉਹ ਉਸ ਨੂੰ ਕੈਨੇਡਾ ਭੇਜ ਦੇਵੇਗਾ ਪਰ ਉਦੋਂ ਤਕ ਉਸ ਦੇ ਜਿੰਨੇ ਵੀ ਪੈਸੇ ਹਨ, ਉਹ ਉਨ੍ਹਾਂ ਨੂੰ ਇਨਵੈਸਟ ਕਰੇਗਾ ਅਤੇ ਵਿਆਜ ਜੋੜ-ਜੋੜ ਕੇ ਕੈਨੇਡਾ ਜਾਣ ਦਾ ਖਰਚਾ ਵੀ ਨਿਕਲ ਆਵੇਗਾ। ਉਸ ਦੀਆਂ ਗੱਲਾਂ ਵਿਚ ਆ ਕੇ ਅਤੁਲ ਨੇ ਦਵਿੰਦਰ ਨੂੰ 6.50 ਲੱਖ ਰੁਪਏ ਟਰਾਂਸਫਰ ਕਰ ਦਿੱਤੇ। ਪੈਸੇ ਲੈਣ ਤੋਂ ਬਾਅਦ ਦਵਿੰਦਰ ਸਿੰਘ ਕਦੀ ਮਹੀਨੇ ਬਾਅਦ ਪੈਸੇ ਦਿੰਦਾ ਸੀ ਤਾਂ ਕਦੀ ਕੋਈ ਨਾ ਕੋਈ ਬਹਾਨਾ ਬਣਾ ਦਿੰਦਾ ਸੀ। ਉਸ ਤੋਂ ਬਾਅਦ ਦਵਿੰਦਰ ਨੇ ਉਸ ਦੇ ਸਾਈਨ ਕੀਤੇ ਚੈੱਕ ਲੈ ਲਏ ਅਤੇ ਵੱਖ-ਵੱਖ ਫਾਈਨਾਂਸਰਾਂ ਕੋਲ ਚੈੱਕ ਰੱਖ ਕੇ ਲੱਗਭਗ 10 ਤੋਂ 15 ਲੱਖ ਰੁਪਏ ਚੁੱਕ ਲਏ ਅਤੇ ਉਸ ਨੂੰ ਬਹੁਤ ਦੇਰ ਬਾਅਦ ਜਾ ਕੇ ਪਤਾ ਲੱਗਾ। ਦੋਸ਼ ਹੈ ਕਿ ਉਸ ਦਾ ਘਰ ਵੀ ਆਉਣਾ-ਜਾਣਾ ਸੀ, ਜਿਸ ਨੇ ਉਸ ਦੀ ਬਜੁਰਗ ਮਾਂ ਨੂੰ ਵੀ ਝਾਂਸੇ ਵਿਚ ਲੈ ਕੇ ਘਰ ਦੀ ਪੁਰਾਣੀ ਰਜਿਸਟਰੀ ਲੈ ਕੇ ਉਸ 'ਤੇ ਇਕ ਫਾਈਨਾਂਸਰ ਕੋਲੋਂ 23.50

ਲੱਖ ਰੁਪਏ ਦਾ ਲੋਨ ਲੈ ਲਿਆ। ਜਦੋਂ ਫਾਈਨਾਂਸਰ ਨੇ ਉਨ੍ਹਾਂ ਨੂੰ ਲੋਨ ਦਾ ਨੋਟਿਸ ਭੇਜਿਆ ਤਾਂ ਉਕਤ ਘਰ ਦਾ ਮੁਖਤਿਆਰਨਾਮਾ ਫਾਈਨਾਂਸਰ ਦੇ ਨਾਂ ਕਰਨਾ ਪਿਆ। ਉਨ੍ਹਾਂ ਨੂੰ 20 ਲੱਖ ਰੁਪਏ ਜਿਹੜੇ ਮਿਲੇ ਸਨ, ਉਸ ਵਿਚੋਂ ਕੁਝ ਪੈਸੇ ਦਵਿੰਦਰ ਸਿੰਘ ਨੇ ਪੁਰਾਣੇ ਫਾਈਨਾਂਸਰਾਂ ਨੂੰ ਮੋੜੇ ਅਤੇ ਬਾਕੀ ਦੇ ਪੈਸੇ ਦਵਿੰਦਰ ਸਿੰਘ ਸਮੇਤ ਉਸ ਦੀ ਪਤਨੀ ਮਨਪ੍ਰੀਤ ਕੌਰ ਅਤੇ ਦਿਲਬਾਗ ਸਿੰਘ ਪੁੱਤਰ ਸੇਵਾ ਸਿੰਘ ਨਿਵਾਸੀ ਨਿਊ ਰਾਜਾ ਗਾਰਡਨ ਨੇ ਆਪਸ ਵਿਚ ਵੰਡ ਲਏ। ਅਤੁਲ ਨੇ ਕਿਹਾ ਕਿ ਦਵਿੰਦਰ ਸਿੰਘ, ਉਸਦੀ ਪਤਨੀ ਅਤੇ ਦੋਸਤ ਦਿਲਬਾਗ ਸਿੰਘ ਨੇ ਉਸ ਦੇ ਘਰ ਦੀ ਰਜਿਸਟਰੀ ਇਕ ਪੁਲਸ ਮੁਲਾਜਮ ਦੇ ਨਾਂ ਕਰਵਾ ਦਿੱਤੀ ਅਤੇ ਉਸ ਵਿਚੋਂ ਵੀ 12.50 ਲੱਖ ਰੁਪਏ ਠੱਗ ਲਏ। ਇਸ ਸਬੰਧੀ ਥਾਣਾ ਰਾਮਾ ਮੰਡੀ ਵਿਚ ਦਵਿੰਦਰ ਸਿੰਘ, ਉਸ ਦੀ ਪਤਨੀ ਅਤੇ ਦਿਲਬਾਗ ਸਿੰਘ ਖ਼ਿਲਾਫ ਕੇਸ ਵੀ ਦਰਜ ਹੋਇਆ ਸੀ ਪਰ ਗ੍ਰਿਫਤਾਰੀ ਤੋਂ ਬਾਅਦ ਜਦੋਂ ਦਵਿੰਦਰ ਸਿੰਘ ਜਮਾਨਤ 'ਤੇ ਆਇਆ ਤਾਂ ਉਸ ਨੇ ਕੇਸ ਵਾਪਸ ਕਰਵਾਉਣ ਅਤੇ ਤੰਗ-ਪ੍ਰੇਸ਼ਾਨ ਕਰਨ ਲਈ ਅਤੁਲ ਦੇ ਚੋਰੀ ਹੋਏ ਸਾਈਨ ਕੀਤੇ ਚੈੱਕ ਲਾ ਕੇ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ। ਪੀੜਤ ਨੇ ਕਿਹਾ ਕਿ ਪੁਲਸ ਅਧਿਕਾਰੀਆਂ ਨੂੰ ਪਤਾ ਵੀ ਹੈ ਕਿ ਦਵਿੰਦਰ ਸਿੰਘ ਪੇਸ਼ੇ ਤੋਂ ਠੱਗ ਹੈ ਪਰ ਇਸ ਦੇ ਬਾਵਜੂਦ ਉਸ ਦੀ ਸੁਣਵਾਈ ਨਹੀਂ ਹੋਈ। ਜ਼ਿਕਰਯੋਗ ਹੈ ਕਿ ਦਵਿੰਦਰ ਸਿੰਘ ਨੇ ਪਲਵਿੰਦਰ ਕੌਰ ਨਿਵਾਸੀ ਨਰੂੜ (ਫਗਵਾੜਾ) ਨਾਲ ਉਸ ਦੇ ਬੇਟੇ ਨੂੰ ਵੀ ਵਿਦੇਸ਼ ਭੇਜਣ ਦੇ ਨਾਂ 'ਤੇ ਲੱਖਾਂ ਦੀ ਠੱਗੀ ਕੀਤੀ ਸੀ ਅਤੇ ਉਸ ਨੂੰ ਵਿਦੇਸ਼ ਭੇਜਣਾ ਤਾਂ ਦੂਰ, ਉਲਟਾ ਉਸ ਦੇ ਦਸਤਾਵੇਜਾਂ ਦੀ ਗਲਤ ਵਰਤੋਂ ਕਰ ਕੇ ਬੈਂਕ ਵਿਚ ਖਾਤਾ ਖੁਲ੍ਹਵਾ ਲਿਆ ਸੀ ਅਤੇ ਉਸ 'ਤੇ 5.84 ਲੱਖ ਰੁਪਏ ਦਾ ਲੋਨ ਲੈ ਲਿਆ ਸੀ। ਜਦੋਂ ਬੈਂਕ ਵਾਲਿਆਂ ਨੇ ਘਰ ਚਿੱਠੀ ਭੇਜੀ ਤਾਂ ਦਵਿੰਦਰ ਸਿੰਘ ਦੀ ਇਸ ਕਰਤੂਤ ਦਾ ਪਤਾ ਲੱਗਾ। ਉਦੋਂ ਵੀ ਦਵਿੰਦਰ ਸਿੰਘ ਖ਼ਿਲਾਫ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਅਤੁਲ ਕਪਿਲਾ ਨੇ ਸੀ. ਪੀ. ਸਵਪਨ ਸ਼ਰਮਾ ਤੋਂ ਖੁਦ ਇਸ ਮਾਮਲੇ ਦੀ ਜਾਂਚ ਕਰਦਿਆਂ ਸੱਚਾਈ ਸਾਹਮਣੇ ਲਿਆ ਕੇ ਮੁਲਜਮ ਖ਼ਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਚਾਈਨਾ ਡੋਰ ਮਨੁੱਖ ਅਤੇ ਪੰਛੀਆਂ ਲਈ ਖ਼ਤਰਨਾਕ

ਤਰਨਤਾਰਨ 26 ਨਵੰਬਰ। ਚਾਈਨਾ ਡੋਰ, ਜਿਸ ਨੂੰ ਡ੍ਰੈਗਨ ਡੋਰ ਨਾਲ ਵੀ ਜਾਣਿਆ ਜਾਂਦਾ ਹੈ, ਇਹ ਜਿੱਥੇ ਮਨੁੱਖ ਲਈ ਖ਼ਤਰਨਾਕ ਸਾਬਤ ਹੋ ਰਹੀ ਹੈ, ਉਥੇ ਪਸ਼ੂ, ਪੰਛੀਆਂ ਲਈ ਵੀ ਜਾਨਲੇਵਾ ਸਾਬਤ ਹੋ ਰਹੀ ਹੈ। ਪੰਜਾਬ ਸਰਕਾਰ ਵੱਲੋਂ ਇਸ ਚਾਈਨਾ ਡੋਰ ਨੂੰ ਵੇਚਣ ਅਤੇ ਇਸਦੇ ਇਸਤੇਮਾਲ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੋਈ ਹੈ ਪਰ ਇਸ ਦੇ ਬਾਵਜੂਦ ਇਹ ਚਾਈਨਾ ਡੋਰ ਧੜੱਲੇ ਨਾਲ ਦੁਕਾਨਾਂ ਉਪਰ ਵਿਕ ਰਹੀ ਹੈ ਅਤੇ ਇਸ ਦਾ ਖੁੱਲ੍ਹ ਕੇ ਪ੍ਰਯੋਗ ਹੋ ਰਿਹਾ ਹੈ, ਜਿਸ ਪ੍ਰਤੀ ਪ੍ਰਸ਼ਾਸਨ ਧਿਆਨ ਨਹੀਂ ਦੇ ਰਿਹਾ। ਇਹ ਚਾਈਨਾ ਡੋਰ ਪੰਛੀਆਂ ਦੇ ਪਰਾਂ ਅਤੇ ਪੈਰਾਂ ਵਿਚ ਫਸ ਜਾਂਦੀ ਹੈ, ਜਿਸ ਕਾਰਨ ਪੰਛੀ ਜ਼ਖ਼ਮੀ ਹੋ ਕੇ ਤਾਰਾਂ ਨਾਲ ਲਟਕ ਜਾਂਦੇ ਹਨ ਅਤੇ ਭੁੱਖੇ ਭਾਣੇ ਇਨ੍ਹਾਂ ਪੰਛੀਆਂ ਦੀ ਜਾਨ ਚਲੀ ਜਾਂਦੀ ਹੈ, ਉਥੇ ਕਈ ਵਾਰ ਤੇਜ਼ ਰਫਤਾਰ ਵਾਹਨ ਚਾਲਕ ਇਸ ਦੀ ਲਪੇਟ

ਵਿਚ ਆ ਜਾਂਦੇ ਹਨ, ਜਿਸ ਕਾਰਨ ਲੋਕਾਂ ਦੀਆਂ ਕੀਮਤੀ ਜਾਨਾਂ ਜਾਂ ਉਹ ਗੰਭੀਰ ਜ਼ਖਮੀ ਹੋ ਜਾਂਦੇ ਹਨ। ਇਥੇ ਦੱਸਣਾ ਬਣਦਾ ਹੈ ਕਿ ਇਸ ਡੋਰ ਉਪਰ ਪਾਬੰਦੀ ਹੋਣ ਦੇ ਬਾਵਜੂਦ ਇਸ ਡੋਰ ਨੂੰ ਲੁਕ-ਛੁਪ ਕੇ ਦੁਕਾਨਦਾਰਾਂ ਵੱਲੋਂ ਵੇਚਿਆ ਜਾ ਰਿਹਾ ਹੈ, ਜਿਸ ਕਾਰਨ ਹਾਦਸਿਆਂ ਵਿਚ ਵਾਧਾ ਹੋ ਰਿਹਾ ਹੈ। ਇਸ ਮੌਕੇ ਸਮਾਜ ਸੇਵੀ ਸੁਖਵਿੰਦਰ ਅਹਿਦਨ ਅਤੇ ਮੁਨਵਰ ਅਲੀ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਸ ਖਤਰਨਾਕ ਡੋਰ ਨੂੰ ਵੇਚਣ ਵਾਲੇ ਲੋਕਾਂ ਖ਼ਿਲਾਫ਼ ਸਖ਼ਤ ਤੋਂ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ, ਉਥੇ ਬਾਜ਼ਾਰਾਂ ਵਿਚ ਡੋਰਾਂ ਵੇਚਣ ਵਾਲੀਆਂ ਦੁਕਾਨਾਂ ਦੀ ਸਮੇਂ-ਸਮੇਂ ਚੈਕਿੰਗ ਕੀਤੀ ਜਾਵੇ, ਜਿਸ ਨਾਲ ਮਨੁੱਖ ਅਤੇ ਪਸ਼ੂ, ਪੰਛੀ ਇਸ ਤੋਂ ਪ੍ਰਭਾਵਿਤ ਨਾ ਹੋ ਸਕਣ।

ਦਿਲਜੀਤ ਨੇ ਸੂਬਾ ਸਰਕਾਰ ਦੀ ਚੇਤਾਵਨੀ ਮਗਰੋਂ ਚੁੱਕਿਆ ਵੱਡਾ ਕਦਮ, ਹਰ ਪਾਸੇ ਛਾਇਆ ਦੋਸਾਂਝਾਵਾਲਾ

ਐਂਟਰਟੇਨਮੈਂਟ ਡੈਸਕ 26 ਨਵੰਬਰ। ਗਾਇਕ ਦਿਲਜੀਤ ਦੋਸਾਂਝ ਆਪਣੇ ਚੱਲ ਰਹੇ ਦਿਲ-ਲੁਮਿਨਾਤੀ ਟੂਰ ਨੂੰ ਲੈ ਕੇ ਸੁਰਖੀਆਂ ਵਿਚ ਹਨ। ਇਸੇ ਵਿਚਾਲੇ ਗਾਇਕ ਨੇ 15 ਨਵੰਬਰ ਨੂੰ ਹੈਦਰਾਬਾਦ ਵਿਚ ਕੰਸਰਟ ਨਾਲ ਰੌਣਕਾਂ ਲਗਾਈਆਂ ਪਰ ਇਸ ਤੋਂ ਪਹਿਲਾਂ ਦਿਲਜੀਤ ਨੂੰ ਵੱਡਾ ਝਟਕਾ ਲੱਗਾ ਸੀ। ਦੱਸ ਦੇਈਏ ਕਿ ਤੇਲੰਗਾਨਾ ਸਰਕਾਰ ਨੇ ਕੰਸਰਟ ਵਿਚ ਉਨ੍ਹਾਂ ਦੁਆਰਾ ਗਾਏ ਜਾਣ ਵਾਲੇ ਕਈ ਗੀਤਾਂ 'ਤੇ ਪਾਬੰਦੀ ਲਗਾ ਦਿੱਤੀ ਸੀ, ਜਿਸ ਤੋਂ ਬਾਅਦ ਦਿਲਜੀਤ ਨੇ ਹੈਦਰਾਬਾਦ ਕੰਸਰਟ ਵਿਚ ਆਪਣੇ ਗੀਤਾਂ ਵਿਚ ਬਦਲਾਅ ਕੀਤਾ ਅਤੇ ਫੈਨਜ ਦਾ ਮਨ ਮੋਹ ਲਿਆ। ਗਾਇਕ ਦਿਲਜੀਤ ਦੋਸਾਂਝ ਦੀ ਕੰਸਰਟ ਦੀਆਂ ਕੁਝ ਵੀਡੀਓ ਸੋਸਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ, ਜਿਸ ਵਿਚ ਤੁਸੀਂ ਵੇਖ ਸਕਦੇ ਹੋ ਕਿ ਗਾਇਕ ਨੇ ਤੇਲੰਗਾਨਾ ਸਰਕਾਰ ਦੀ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੇ ਗੀਤਾਂ ਵਿਚ ਬਦਲਾਅ ਕੀਤਾ ਸੀ। ਦੂਜੀ ਵੀਡੀਓ ਵਿਟ ਤੁਸੀਂ ਵੇਖ ਸਕਦੇ ਹੋ ਕਿ ਦਿਲਜੀਤ ਨੇ 5 ਤਾਰਾਂ ਠੰਕੇ 'ਤੇ ਦੀ ਜਗ੍ਹਾ 5 ਤਾਰਾ ਹੋਟਲ 'ਚ ਗਾਇਆ ਹੈ। ਇਹ ਵੀਡੀਓ ਕਾਫੀ ਵਾਇਰਲ ਹੋ ਰਿਹਾ ਹੈ, ਜਿਸ ਤੋਂ ਬਾਅਦ ਗਾਇਕ ਦੀ ਹਰ ਪਾਸੇ ਤਾਰੀਫ ਹੋ ਰਹੀ ਹੈ। ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਤੇਲੰਗਾਨਾ ਸਰਕਾਰ ਨੇ ਆਪਣੇ ਨੋਟਿਸ ਵਿਚ ਕਿਹਾ ਹੈ ਕਿ ਦਿਲਜੀਤ ਨੂੰ ਹੈਦਰਾਬਾਦ ਵਿਚ ਆਪਣੇ ਸੰਗੀਤ ਸਮਾਰੋਹ ਦੌਰਾਨ ਹਿੰਸਾ, ਨਸ਼ਿਆਂ ਅਤੇ ਸਰਾਬ ਦਾ ਜ਼ਿਕਰ ਕਰਦੇ ਗੀਤ ਗਾਉਣ ਦੀ ਇਜਾਜਤ ਨਹੀਂ ਦਿੱਤੀ। ਮਹਿਲਾ ਅਤੇ ਬਾਲ ਕਲਿਆਣ ਵਿਭਾਗ, ਅਪਾਹਜ ਅਤੇ ਸੀਨੀਅਰ ਸਿਟੀਜਨਜ (ਰੰਗਾਰੇਡੀ ਜ਼ਿਲ੍ਹਾ) ਵੱਲੋਂ ਜਾਰੀ ਨੋਟਿਸ ਵਿਚ ਉਨ੍ਹਾਂ ਨੂੰ ਆਪਣੇ ਸੋਅ ਦੌਰਾਨ ਬੱਚਿਆਂ ਦੀ ਵਰਤੋਂ ਨਾ ਕਰਨ ਦੀ ਚੇਤਾਵਨੀ ਵੀ ਦਿੱਤੀ ਗਈ ਸੀ।

ਅਮਰੀਕਾ ਦੀ ਥਾਂ ਭੇਜ ਦਿੱਤਾ ਯੂਕ੍ਰੇਨ, 26 ਲੱਖ ਵੀ ਗੁਆਏ

ਕਿਸ਼ਨ ਪਾਲ

ਮੋਹਾਲੀ 26 ਨਵੰਬਰ। ਵਿਦੇਸ਼ ਭੇਜਣ ਦੇ ਨਾਂ 'ਤੇ ਧੋਖਾਧੜੀ ਕਰਨ ਦਾ ਇਕ ਮਾਮਲਾ ਸਾਹਮਣੇ ਆਇਆ ਹੈ। ਅਮਰੀਕਾ ਦੀ ਥਾਂ ਪੀੜਤ ਨੂੰ ਯੂਕ੍ਰੇਨ ਭੇਜ ਦਿੱਤਾ ਗਿਆ ਜਿਸ ਕਾਰਨ ਉਹ ਉੱਥੇ ਫਸ ਗਿਆ ਤੇ ਕਿਸੇ ਤਰ੍ਹਾਂ ਘਰ ਪਰਤਿਆ ਤਾਂ ਉਸ ਨੇ ਹੱਡਬੀਤੀ ਪਰਿਵਾਰ ਨੂੰ ਦੱਸੀ। ਪੁਲਸ ਨੇ ਮਲਕੀਤ ਕੌਰ ਦੀ ਸ਼ਿਕਾਇਤ 'ਤੇ ਪੁਸਪਿੰਦਰ ਕੌਰ, ਸਟੈਫਨਪ੍ਰੀਤ ਕੌਰ ਤੇ ਗੁਰਦੇਵ ਕੌਰ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਸ਼ਿਕਾਇਤਕਰਤਾ ਅਨੁਸਾਰ ਉਸ ਦੇ ਪੁੱਤਰ ਹਰਦੀਪ ਨੂੰ ਅਮਰੀਕਾ ਦੀ ਬਜਾਏ ਪਹਿਲਾਂ ਯੂਕ੍ਰੇਨ ਭੇਜ ਦਿੱਤਾ ਜਿੱਥੇ ਉਹ ਫਸ ਗਿਆ। ਬੜੀ ਮੁਸਕਲ ਨਾਲ ਜੰਗੀ ਹਾਲਾਤਾਂ ਤੋਂ ਬਚ ਕੇ ਸਪੇਨ ਪਹੁੰਚ ਗਿਆ। ਉੱਥੇ ਕਿਸੇ ਅਣਪਛਾਤੇ ਵਿਅਕਤੀ ਨੇ ਉਸ ਨੂੰ ਅਗਵਾ ਕਰ ਲਿਆ ਤੇ ਰਿਹਾਈ ਲਈ ਮੋਟੀ ਰਕਮ ਦੀ ਮੰਗ ਕੀਤੀ ਪਰ ਹਰਦੀਪ ਸਿੰਘ ਅਗਵਾਕਾਰਾਂ ਦੇ ਚੁੰਗਲ ਤੋਂ ਨਿਕਲ ਗਿਆ। ਇਸ ਤੋਂ ਬਾਅਦ ਉਹ ਸਪੇਨ ਦੀ ਸਰਕਾਰ ਦੇ ਸੰਪਰਕ 'ਚ ਆਇਆ। ਪਹਿਲਾਂ ਉਸ ਨੂੰ ਜੇਲ੍ਹ 'ਚ ਰੱਖਿਆ ਗਿਆ ਤੇ ਫਿਰ ਭਾਰਤ ਭੇਜ ਦਿੱਤਾ ਗਿਆ। ਮਲਕੀਤ ਕੌਰ ਨੇ ਦੱਸਿਆ ਕਿ ਉਸ ਦਾ

ਵੱਡਾ ਮੁੰਡਾ ਅਮਰਵਿੰਦਰ ਸਿੰਘ ਪਿੰਡ 'ਚ ਬੇਕਰੀ ਦੀ ਦੁਕਾਨ ਚਲਾਉਂਦਾ ਹੈ। 2020 'ਚ ਉਸ ਦੀ ਪਛਾਣ ਬਿੰਦਰ ਸਿੰਘ ਨਾਲ ਹੋਈ ਸੀ। ਅਮਰਵਿੰਦਰ ਸਿੰਘ ਨੇ ਬਿੰਦਰ ਸਿੰਘ ਨਾਲ ਹਰਦੀਪ ਸਿੰਘ ਨੂੰ ਵਿਦੇਸ਼ 'ਚ ਸੈਟਲ ਕਰਵਾਉਣ ਦੀ ਗੱਲ ਕੀਤੀ। ਬਿੰਦਰ ਸਿੰਘ ਨੇ ਦੱਸਿਆ ਕਿ ਉਹ ਮੋਹਾਲੀ 'ਚ ਰਹਿੰਦੇ ਕੁਝ ਵਿਅਕਤੀਆਂ ਨੂੰ ਜਾਣਦਾ ਹੈ ਜੋ ਅਮਰੀਕਾ ਭੇਜਦੇ ਹਨ ਤੇ ਉਨ੍ਹਾਂ ਨਾਲ ਸੰਪਰਕ ਕਰਵਾ ਦਿੱਤਾ। ਮੁਲਜਮਾਂ ਨੇ ਦਾਅਵਾ ਕੀਤਾ ਸੀ ਕਿ ਉਹ ਅਮਰੀਕਾ 'ਚ ਰੁਜਗਾਰ ਦੇਣ 'ਚ ਸਮਰੱਥ ਹਨ। ਹਰਦੀਪ ਸਿੰਘ ਨੂੰ ਅਮਰੀਕਾ ਭੇਜਣ ਲਈ 26 ਲੱਖ ਰੁਪਏ ਮੰਗੇ ਸਨ। ਪ